Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 108 03/09/2025 www.samajweekly.com samajweekly @samajweekly samajweekly

# ਸੰਵਿਧਾਨ ਦੀਆਂ ਵਿਵਸਥਾਵਾਂ ਦੀ ਵਿਆਖਿਆ ਸਿਰਫ ਰਾਸ਼ਟਰਪਤੀ ਦੇ ਹਵਾਲੇ ਨਾਲ ਕਰਾਂਗੇ : ਸੁਪਰੀਮ ਕੋਰਟ

**ਨਵੀਂ ਦਿਲੀ।** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਰਾਸ਼ਟਰਪਤੀ ਦੇ ਹਵਾਲੇ ਨਾਲ ਸਿਰਫ ਸੰਵਿਧਾਨ ਦੀ ਵਿਆਖਿਆ ਕਰੇਗਾ ਕਿ ਕੀ ਅਦਾਲਤ ਸੂਬਾ ਵਿਧਾਨ ਸਭਾਵਾਂ ਵਲੋਂ ਪਾਸ ਕੀਤੇ ਬਿਲਾਂ ਨਾਲ ਨਜਿੱਠਣ ਲਈ ਰਾਜਪਾਲਾਂ ਅਤੇ ਰਾਸ਼ਟਰਪਤੀ ਲਈ ਸਮਾਂ ਸੀਮਾ ਤੈਅ ਕਰ ਸਕਦੀ ਹੈ। ਚੀਫ ਜਸਟਿਸ ਬੀ.ਆਰ. ਗਵਈ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਬੈਂਚ ਨੇ ਇਹ ਟਿਪਣੀ ਉਸ ਸਮੇਂ ਕੀਤੀ ਜਦੋਂ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਜੇ ਹਵਾਲੇ ਦਾ ਵਿਰੋਧ ਕਰ ਰਹੇ ਪੱਖਾਂ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਆਂਧਰਾ ਪ੍ਰਦੇਸ਼ ਸਮੇਤ ਹੋਰ ਸੰਵਿਧਾਨਕ ਵਿਵਸਥਾਵਾਂ ਦੀਆਂ ਉਦਾਹਰਣਾਂ ਉਤੇ ਭਰੋਸਾ ਕਰਨ ਜਾ ਰਹੇ ਹਨ ਤਾਂ ਉਨ੍ਹਾਂ ਨੂੰ ਜਵਾਬ ਦਾਇਰ ਕਰਨ ਦੀ ਜ਼ਰੂਰਤ ਹੈ ਕਿਉਂਕਿ ਉਨ੍ਹਾਂ ਨੇ ਇਨ੍ਹਾਂ ਪਹਿਲੂਆਂ ਉਤੇ ਦਲੀਲ ਨਹੀਂ ਦਿਤੀ ਹੈ। ਮਹਿਤਾ ਨੇ ਜਸਟਿਸ ਸੂਰਿਆ ਕਾਂਤ, ਜਸਟਿਸ ਵਿਕਰਮ ਨਾਥ, ਜਸਟਿਸ ਪੀ.ਐਸ. ਨਰਸਿਮਹਾ ਅਤੇ ਜਸਟਿਸ ਏ.ਐਸ. ਚੰਦੂਰਕਰ ਦੀ ਬੈਂਚ ਨੂੰ ਕਿਹਾ, ''ਜੇ ਉਹ (ਤਾਮਿਲਨਾਡੂ ਅਤੇ ਕੇਰਲ ਸਰਕਾਰਾਂ) ਆਂਧਰਾ ਪ੍ਰਦੇਸ਼ ਆਦਿ ਦੀਆਂ ਉਦਾਹਰਣਾਂ ਉਤੇ ਭਰੋਸਾ ਕਰਨ



ਜਾ ਰਹੇ ਹਨ... ਅਸੀਂ ਇਸ ਉਤੇ ਜਵਾਬ ਦਾਇਰ ਕਰਨਾ ਚਾਹਾਂਗੇ। ਕਿਉਂਕਿ ਸਾਨੂੰ ਇਹ ਵਿਖਾਉਣ ਦੀ ਲੋੜ ਹੈ ਕਿ ਸੰਵਿਧਾਨ ਦੀ ਸਥਾਪਨਾ ਤੋਂ ਲੈ ਕੇ ਹੁਣ ਤਕ ਇਸ ਨਾਲ ਕਿਵੇਂ ਖਿਲਵਾੜ ਕੀਤਾ ਗਿਆ। ਆਓ ਦੇਖੀਏ ਕਿ ਕੀ ਅਸੀਂ ਉਸ ਇਸ ਚਿੱਕੜ ਭਰੇ ਰਸਤੇ 'ਤੇ ਤੁਰ ਸਕਦੇ ਹਾਂ?''

ਸੀ.ਜੇ.ਆਈ. ਗਵਈ ਨੇ ਮਹਿਤਾ ਨੂੰ ਕਿਹਾ, ''ਅਸੀਂ ਵਿਅਕਤੀਗਤ ਮਾਮਲਿਆਂ ਵਿਚ ਨਹੀਂ ਜਾ ਰਹੇ ਹਾਂ ਚਾਹੇ ਉਹ ਆਂਧਰਾ ਪ੍ਰਦੇਸ਼ ਹੋਵੇ ਜਾਂ ਤੇਲੰਗਾਨਾ ਜਾਂ ਕਰਨਾਟਕ, ਪਰ ਅਸੀਂ ਸਿਰਫ ਸੰਵਿਧਾਨ ਦੇ ਪ੍ਰਬੰਧਾਂ ਦੀ ਵਿਆਖਿਆ ਕਰਾਂਗੇ। ਹੋਰ ਕੁੱਝ ਨਹੀਂ।'' ਸਿੰਘਵੀ ਨੇ ਰਾਸ਼ਟਰਪਤੀ ਦੇ ਹਵਾਲੇ ਉਤੇ ਸੁਣਵਾਈ ਦੇ ਛੇਵੇਂ ਦਿਨ ਅਪਣੀ ਦਲੀਲ ਦੁਬਾਰਾ ਸ਼ੁਰੂ ਕੀਤੀ ਅਤੇ ਸੰਖੇਪ ਵਿਚ ਦਸਿਆ ਕਿ ਬਿਲਾਂ ਦੇ 'ਪਾਸ ਹੋਣ' ਦਾ ਕੀ ਮਤਲਬ ਹੈ।

# ਹਾਲੇ ਹੋਰ ਪਵੇਗਾ ਭਾਰੀ ਮੀਂਹ, ਪੰਜਾਬ ਲਈ ਰੈੱਡ ਅਲਰਟ ਜਾਰੀ

**ਚੰਡੀਗੜ੍ਹ।** ਪੰਜਾਬ ਵਿੱਚ ਲਗਾਤਾਰ ਪੈ ਰਹੇ ਮੀਂਹ ਕਾਰਨ ਸਥਿਤੀ ਵਿਗੜਦੀ ਜਾ ਰਹੀ ਹੈ। ਮੌਸਮ ਵਿਭਾਗ ਨੇ ਅੱਜ ਵੀ ਰੈੱਡ ਅਲਰਟ ਜਾਰੀ ਕੀਤਾ ਹੈ, ਜਿਸ ਦੇ ਮੱਦੇਨਜ਼ਰ ਆਉਣ ਵਾਲੇ ਘੰਟੇ ਭਾਰੀ ਹੋਣਗੇ। ਇਸ ਦੇ ਮੱਦੇਨਜ਼ਰ, ਆਉਣ ਵਾਲੇ ਘੰਟੇ ਭਾਰੀ ਹੋਣਗੇ। ਮੌਸਮ ਵਿਭਾਗ ਦੇ ਅਨੁਸਾਰ ਬੁਢਲਾਡਾ, ਲਹਿਰਾ, ਮਾਨਸਾ, ਸੁਨਾਮ, ਸੰਗਰੂਰ, ਬਰਨਾਲਾ, ਤਪਾ, ਧੂਰੀ, ਮਲੇਰਕੋਟਲਾ, ਮੂਨਕ, ਪਾਤੜਾਂ, ਡੇਰਾਬੱਸੀ, ਰਾਮਪੁਰਾ ਫੂਲ, ਮੋਗਾ, ਜ਼ੀਰਾ, ਸ਼ਾਹਕੋਟ, ਸੁਲਤਾਨਪੁਰ ਲੋਧੀ, ਖਡੂਰ ਸਾਹਿਬ, ਨਿਹਾਲ ਸਿੰਘ ਵਾਲਾ, ਰਾਏਕੋਟ, ਜਗਰਾਉਂ, ਲੁਧਿਆਣਾ ਪੱਛਮੀ, ਫਿਲੌਰ, ਨਕੋਦਰ, ਜਲੰਧਰ 1, ਕਪੂਰਥਲਾ, ਜਲੰਧਰ 2, ਬਾਬਾ ਬਕਾਲਾ, ਅੰਮ੍ਰਿਤਸਰ 1, ਬਟਾਲਾ,



ਡੇਰਾ ਬਾਬਾ ਨਾਨਕ, ਭੁਲੱਥ, ਦਸੂਹਾ, ਮੁਕੇਰੀਆਂ, ਗੁਰਦਾਸਪੁਰ, ਪਠਾਨਕੋਟ, ਧਾਰ ਕਲਾਂ ਵਿਚ ਭਾਰੀ ਮੀਂਹ ਦੀ ਸੰਭਾਵਨਾ ਹੈ। ਮੌਸਮ ਵਿਭਾਗ ਵੱਲੋਂ ਜਾਰੀ ਕੀਤੀ ਗਈ ਤਾਜ਼ਾ ਚੇਤਾਵਨੀ ਅਨੁਸਾਰ, ਹਿਮਾਚਲ ਵਿੱਚ 2,3, 4, 5, 6, 7 ਤਰੀਕ ਨੂੰ ਭਾਰੀ ਮੀਂਹ ਪਵੇਗਾ, ਜਿਸ ਦਾ ਪ੍ਰਭਾਵ ਪੰਜਾਬ ਵਿੱਚ ਵੀ ਦੇਖਣ ਨੂੰ ਮਿਲੇਗਾ। ਇਸ ਦੌਰਾਨ, ਵਿਭਾਗ ਨੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਹੈ ਅਤੇ ਨਦੀਆਂ ਅਤੇ ਨਾਲਿਆਂ ਦੇ ਨੇੜੇ ਨਾ ਜਾਣ ਦੇ ਸਖ਼ਤ ਆਦੇਸ਼ ਵੀ ਜਾਰੀ ਕੀਤੇ ਹਨ। ਦੂਜੇ ਪਾਸੇ, ਸੂਬੇ ਵਿੱਚ ਹੜ੍ਹਾਂ ਦੀ ਸਥਿਤੀ ਪੂਰੀ ਤਰ੍ਹਾਂ ਵਿਗੜ ਗਈ ਹੈ। ਮਾਝਾ ਅਤੇ ਦੋਆਬਾ ਵਿੱਚ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 36 ਹੋ ਗਈ ਹੈ।

ਹੁਸ਼ਿਆਰਪੁਰ ਵਿੱਚ ਭਾਰੀ ਮੀਂਹ ਕਾਰਨ 7 ਲੋਕਾਂ ਦੀ ਮੌਤ ਹੋ ਗਈ, ਜਿਨ੍ਹਾਂ ਵਿੱਚੋਂ 4 ਦੀ ਮੌਤ ਘਰ ਦੀ ਛੱਤ ਡਿੱਗਣ ਕਾਰਨ ਹੋਈ, ਜਦੋਂ ਕਿ 3 ਲੋਕ ਲਗਾਤਾਰ ਮੀਂਹ ਕਾਰਨ ਆਏ ਹੜ੍ਹ ਦੇ ਪਾਣੀ ਵਿੱਚ ਡੁੱਬ ਗਏ।

# ਅਦਾਲਤ ਸੰਵਿਧਾਨਕ ਸਵਾਲ ਦਾ ਜਵਾਬ ਦੇਣ ਤੋਂ ਇਨਕਾਰ ਨਹੀਂ ਕਰ ਸਕਦੀ : ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਨਿਆਂਇਕ ਸਮੀਖਿਆ ਦੀ ਸ਼ਕਤੀ ਬੁਨਿਆਦੀ ਢਾਂਚੇ ਦਾ ਹਿੱਸਾ ਹੈ ਅਤੇ ਅਦਾਲਤਾਂ ਸੰਵਿਧਾਨਕ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਨਹੀਂ ਕਰ ਸਕਦੀਆਂ, ਭਾਵੇਂ ਵਿਵਾਦ ਸਿਆਸੀ ਹੀ ਕਿਉਂ ਨਾ ਹੋਵੇ। ਹਾਲਾਂਕਿ, ਸੁਪਰੀਮ ਕੋਰਟ ਨੇ ਕਿਹਾ ਕਿ ਉਹ ਰਾਸ਼ਟਰਪਤੀ ਦੇ ਹਵਾਲੇ ਨਾਲ ਨਜਿੱਠਣ ਦੌਰਾਨ ਸੰਵਿਧਾਨ ਦੀ ਹੀ ਵਿਆਖਿਆ ਕਰੇਗੀ ਕਿ ਕੀ ਅਦਾਲਤ ਰਾਜ ਵਿਧਾਨ ਸਭਾਵਾਂ ਵਲੋਂ ਪਾਸ ਕੀਤੇ ਬਿਲਾਂ ਨਾਲ ਨਜਿੱਠਣ ਲਈ ਰਾਜਪਾਲਾਂ ਅਤੇ ਰਾਸ਼ਟਰਪਤੀ ਲਈ ਸਮਾਂ ਸੀਮਾ ਲਾਗੂ ਕਰ ਸਕਦੀ ਹੈ। ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਰਾਸ਼ਟਰਪਤੀ ਦੇ ਹਵਾਲੇ ਨਾਲ ਸਿਰਫ ਸੰਵਿਧਾਨ ਦੀ ਵਿਆਖਿਆ ਕਰੇਗਾ ਕਿ ਕੀ ਅਦਾਲਤ ਸੂਬਾ ਵਿਧਾਨ ਸਭਾਵਾਂ ਵਲੋਂ ਪਾਸ ਕੀਤੇ ਬਿਲਾਂ ਨਾਲ ਨਜਿੱਠਣ ਲਈ ਰਾਜਪਾਲਾਂ ਅਤੇ ਰਾਸ਼ਟਰਪਤੀ ਲਈ ਸਮਾਂ ਸੀਮਾ ਤੈਅ ਕਰ ਸਕਦੀ



ਹੈ।ਚੀਫ ਜਸਟਿਸ ਬੀ.ਆਰ. ਗਵਈ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਬੈਂਚ ਨੇ ਇਹ ਟਿਪਣੀ ਉਸ ਸਮੇਂ ਕੀਤੀ ਜਦੋਂ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਜੇ ਹਵਾਲੇ ਦਾ ਵਿਰੋਧ ਕਰ ਰਹੇ ਪੱਖਾਂ ਵਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਆਂਧਰਾ ਪ੍ਰਦੇਸ਼ ਸਮੇਤ ਹੋਰ ਸੰਵਿਧਾਨਕ ਵਿਵਸਥਾਵਾਂ ਦੀਆਂ ਉਦਾਹਰਣਾਂ ਉਤੇ ਭਰੋਸਾ ਕਰਨ ਜਾ ਰਹੇ ਹਨ ਤਾਂ ਉਨ੍ਹਾਂ ਨੂੰ ਜਵਾਬ ਦਾਇਰ ਕਰਨ ਦੀ ਜ਼ਰੂਰਤ ਹੈ ਕਿਉਂਕਿ ਉਨ੍ਹਾਂ ਨੇ ਇਨ੍ਹਾਂ ਪਹਿਲੂਆਂ ਉਤੇ ਦਲੀਲ ਨਹੀਂ ਦਿਤੀ ਹੈ। ਮਹਿਤਾ ਨੇ ਜਸਟਿਸ ਸੂਰਿਆ ਕਾਂਤ, ਜਸਟਿਸ ਵਿਕਰਮ ਨਾਥ, ਜਸਟਿਸ ਪੀ.ਐਸ. ਨਰਸਿਮਹਾ ਅਤੇ ਜਸਟਿਸ ਏ.ਐਸ. ਚੰਦੂਰਕਰ ਦੀ ਬੈਂਚ ਨੂੰ ਕਿਹਾ, ''ਜੇ ਉਹ (ਤਾਮਿਲਨਾਡੂ ਅਤੇ ਕੇਰਲ ਸਰਕਾਰਾਂ) ਆਂਧਰਾ ਪ੍ਰਦੇਸ਼ ਆਦਿ ਦੀਆਂ ਉਦਾਹਰਣਾਂ ਉਤੇ ਭਰੋਸਾ ਕਰਨ ਜਾ ਰਹੇ ਹਨ... ਅਸੀਂ ਇਸ ਉਤੇ ਜਵਾਬ ਦਾਇਰ ਕਰਨਾ ਚਾਹਾਂਗੇ। ਕਿਉਂਕਿ ਸਾਨੂੰ ਇਹ ਵਿਖਾਉਣ ਦੀ ਲੋੜ ਹੈ ਕਿ ਸੰਵਿਧਾਨ ਦੀ ਸਥਾਪਨਾ ਤੋਂ ਲੈ ਕੇ ਹੁਣ ਤਕ ਇਸ ਨਾਲ ਕਿਵੇਂ ਖਿਲਵਾੜ ਕੀਤਾ ਗਿਆ। ਆਓ ਦੇਖੀਏ ਕਿ ਕੀ ਅਸੀਂ ਉਸ ਇਸ ਚਿੱਕੜ ਭਰੇ ਰਸਤੇ 'ਤੇ ਤੁਰ ਸਕਦੇ ਹਾਂ?'' ਸੀ.ਜੇ.ਆਈ. ਗਵਈ ਨੇ ਮਹਿਤਾ ਨੂੰ ਕਿਹਾ, ''ਅਸੀਂ ਵਿਅਕਤੀਗਤ ਮਾਮਲਿਆਂ ਵਿਚ ਨਹੀਂ ਜਾ ਰਹੇ ਹਾਂ ਚਾਹੇ ਉਹ ਆਂਧਰਾ ਪ੍ਰਦੇਸ਼ ਹੋਵੇ ਜਾਂ ਤੇਲੰਗਾਨਾ ਜਾਂ ਕਰਨਾਟਕ, ਪਰ ਅਸੀਂ ਸਿਰਫ ਸੰਵਿਧਾਨ ਦੇ ਪ੍ਰਬੰਧਾਂ ਦੀ ਵਿਆਖਿਆ ਕਰਾਂਗੇ। ਹੋਰ ਕੁੱਝ ਨਹੀਂ।''ਸਿੰਘਵੀ ਨੇ ਰਾਸ਼ਟਰਪਤੀ ਦੇ ਹਵਾਲੇ ਉਤੇ ਸੁਣਵਾਈ ਦੇ ਛੇਵੇਂ ਦਿਨ ਅਪਣੀ ਦਲੀਲ ਦੁਬਾਰਾ ਸ਼ੁਰੂ ਕੀਤੀ ਅਤੇ ਸੰਖੇਪ ਵਿਚ ਦਸਿਆ ਕਿ ਬਿਲਾਂ ਦੇ 'ਪਾਸ ਹੋਣ' ਦਾ ਕੀ ਮਤਲਬ ਹੈ।

## ਡਾਲਰ ਦੇ ਮੁਕਾਬਲ਼ੇ ਰੁਪਿਆ 88.15 ਦੇ ਰੀਕਾਰਡ ਹੇਠਲੇ ਪੱਧਰ ਉਤੇ ਪਹੁੰਚਿਆ

**ਮੁੰਬਈ** । ਰੁਪਿਆ ਮੰਗਲਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ 5 ਪੈਸੇ ਦੀ ਗਿਰਾਵਟ ਨਾਲ 88.15 ਦੇ ਹੁਣ ਤਕ ਦੇ ਸੱਭ ਤੋਂ ਹੇਠਲੇ ਪੱਧਰ ਉਤੇ ਬੰਦ ਹੋਇਆ। ਵਿਦੇਸ਼ੀ ਮੁਦਰਾ ਕਾਰੋਬਾਰੀਆਂ ਨੇ ਕਿਹਾ ਕਿ ਅਮਰੀਕੀ ਵਪਾਰ ਟੈਰਿਫ ਨੂੰ ਲੈ ਕੇ ਅਨਿਸ਼ਚਿਤਤਾ ਦੇ ਵਿਚਕਾਰ ਜੋਖਮ ਦੇ ਕਾਰਨ ਰੁਪਿਆ ਹੁਣ ਤਕ ਦੇ ਸੱਭ ਤੋਂ ਹੇਠਲੇ ਪੱਧਰ ਉਤੇ ਕਾਰੋਬਾਰ ਕਰ ਰਿਹਾ ਹੈ।ਉਨ੍ਹਾਂ ਨੇ ਕਿਹਾ ਕਿ ਇਸ ਤੋਂ ਇਲਾਵਾ ਵਿਦੇਸ਼ੀ ਫੰਡਾਂ ਦੀ ਲਗਾਤਾਰ ਨਿਕਾਸੀ ਜਾਂ ਡਾਲਰ ਦੀ ਮਜ਼ਬੂਤੀ ਨਾਲ ਹੋਰ ਕਮਜ਼ੋਰੀ ਆ ਸਕਦੀ ਹੈ। ਮੀਰ ਅਸੈਟ ਸ਼ੇਅਰਖਾਨ ਦੇ ਰੀਸਰਚ



ਐਨਾਲਿਸਟ (ਕਰੰਸੀ ਐਂਡ ਕਮੋਡਿਟੀਜ਼) ਅਨੁਜ ਚੌਧਰੀ ਨੇ ਕਿਹਾ ਕਿ ਵਿਦੇਸ਼ੀ ਨਿਵੇਸ਼ਕਾਂ ਦੀ ਨਿਕਾਸੀ ਅਤੇ ਕੱਚੇ ਤੇਲ ਦੀਆਂ ਕੀਮਤਾਂ ਵਿਚ ਸਕਾਰਾਤਮਕ ਰੁਝਾਨ ਰੁਪਏ ਦੀ ਕੀਮਤ ਹੋਰ ਪ੍ਰਭਾਵਤ ਹੋ ਸਕਦੀ ਹੈ।


VACANCY

URGENT REQUIREMENT

Company Name - Rk Drafting Hub
Working Place - Office In Nakodar
2 Hiring For
Architecture Draftperson Or Civil Engineer.
Starting Salary Rs. 15000 Per Month.
Exprience Requirement -
Auto Cad (Must Required) Sketch Up
Do not call, only send the CV
on Whatsapp number - 98723 76093
Email: rk_drafting_hub@outlook.com



Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


## ਭਾਰਤ ਨੇ ਪਾਕਿਸਤਾਨ ਨੂੰ ਸਤਲੁਜ ਦਰਿਆ 'ਚ ਹੜ੍ਹ ਆਉਣ ਦੀ ਵੀ ਚਿਤਾਵਨੀ ਦਿਤੀ

**ਨਵੀਂ ਦਿੱਲੀ** । ਭਾਰਤ ਨੇ ਪਾਕਿਸਤਾਨ ਨੂੰ ਸਤਲੁਜ ਦਰਿਆ 'ਚ ਹੜ੍ਹ ਆਉਣ ਦੀ ਸੰਭਾਵਨਾ ਨੂੰ ਲੈ ਕੇ ਚੇਤਾਵਨੀ ਦਿਤੀ ਹੈ ਕਿਉਂਕਿ ਉੱਤਰੀ ਸੂਬਿਆਂ 'ਚ ਲਗਾਤਾਰ ਮੀਂਹ ਪੈਣ ਕਾਰਨ ਵੱਡੇ ਡੈਮਾਂ ਤੋਂ ਵਾਧੂ ਪਾਣੀ ਛੱਡਣਾ ਪਿਆ ਹੈ। ਅਧਿਕਾਰੀਆਂ ਨੇ ਦਸਿਆ ਕਿ ਇਹ ਅਲਰਟ ਮਨੁੱਖੀ ਆਧਾਰ ਉਤੇ ਵਿਦੇਸ਼ ਮੰਤਰਾਲੇ ਰਾਹੀਂ ਇਸਲਾਮਾਬਾਦ ਭੇਜਿਆ ਗਿਆ ਸੀ। ਭਾਰਤ ਨੇ ਪਿਛਲੇ ਹਫਤੇ ਤਵੀ ਨਦੀ ਵਿਚ ਸੰਭਾਵਤ ਹੜ੍ਹਾਂ ਲਈ ਪਾਕਿਸਤਾਨ ਨੂੰ ਤਿੰਨ ਚੇਤਾਵਨੀਆਂ ਜਾਰੀ ਕੀਤੀਆਂ ਸਨ। ਸੂਤਰਾਂ ਨੇ ਦਸਿਆ ਕਿ ਮੰਗਲਵਾਰ ਨੂੰ ਜਾਰੀ ਕੀਤੀ ਗਈ ਚੇਤਾਵਨੀ ਸਤਲੁਜ ਦਰਿਆ 'ਚ ਬੁਧਵਾਰ ਨੂੰ ਸੰਭਾਵਤ ਹੜ੍ਹਾਂ ਲਈ ਸੀ। ਪੰਜਾਬ ਵਿਚ ਸਤਲੁਜ, ਬਿਆਸ ਅਤੇ ਰਾਵੀ ਦਰਿਆ ਅਤੇ ਮੌਸਮੀ ਨਦੀਆਂ ਅਪਣੇ ਕੈਚਮੈਂਟ ਖੇਤਰਾਂ ਵਿਚ ਭਾਰੀ ਮੀਂਹ ਕਾਰਨ ਉਫਾਨ ਉਤੇ ਹਨ। ਭਾਰਤ ਨੇ 22 ਅਪ੍ਰੈਲ ਨੂੰ ਜੰਮੂ-ਕਸ਼ਮੀਰ 'ਚ ਪਹਿਲਗਾਮ



ਅਤਿਵਾਦੀ ਹਮਲੇ ਤੋਂ ਬਾਅਦ ਸਿੰਧੂ ਜਲ ਸਮਝੌਤੇ ਦੇ ਤਹਿਤ ਪਾਕਿਸਤਾਨ ਨਾਲ ਹਾਈਡ੍ਰੋਲੋਜੀਕਲ ਡਾਟਾ ਦੇ ਨਿਯਮਤ ਅਦਾਨ-ਪ੍ਰਦਾਨ ਨੂੰ ਮੁਅੱਤਲ ਕਰ ਦਿਤਾ ਸੀ। ਸੂਤਰਾਂ ਨੇ ਦਸਿਆ ਕਿ ਮੁਅੱਤਲੀ ਦੇ ਬਾਵਜੂਦ ਤਾਜ਼ਾ ਹੜ੍ਹ ਦੀ ਚਿਤਾਵਨੀ ਪੂਰੀ ਤਰ੍ਹਾਂ ਮਨੁੱਖੀ ਆਧਾਰ ਉਤੇ ਪਾਕਿ-ਸਤਾਨ ਨੂੰ ਦਿਤੀ ਗਈ ਸੀ ਤਾਂ ਜੋ ਜਾਨ-ਮਾਲ ਦੇ ਨੁਕਸਾਨ ਨੂੰ ਰੋਕਿਆ ਜਾ ਸਕੇ। ਸਿੰਧੂ ਜਲ ਸਮਝੌਤੇ ਉਤੇ 1960 'ਚ ਹਸਤਾਖਰ ਕੀਤੇ ਗਏ ਸਨ ਅਤੇ ਵਿਸ਼ਵ ਬੈਂਕ ਦੀ ਦਖਲਅੰਦਾਜ਼ੀ 'ਚ ਲੰਮੇ ਸਮੇਂ ਤੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਦਰਿਆਈ ਪਾਣੀਆਂ ਦੀ ਵੰਡ ਨੂੰ ਨਿਯੰਤਰਿਤ ਕੀਤਾ ਜਾਂਦਾ ਰਿਹਾ ਹੈ।


ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : **Devinder Chander**
**Mob: 07878 456 484**
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਟੈਕਸੀ ਡਰਾਈਵਰ ਨੂੰ ਅਗਵਾ ਕਰਕੇ, ਉਸਦਾ ਕਤਲ ਕਰਨ ਦੇ ਮਾਮਲੇ ਵਿੱਚ ਮੁਹਾਲੀ ਪੁਲੀਸ ਵੱਲੋਂ ਜੈਸ਼ ਏ ਮੁਹੰਮਦ ਦਾ ਕਾਰਕੁਨ ਸਾਥੀਆਂ ਸਮੇਤ ਗ੍ਰਿਫਤਾਰ

**ਐਸ ਏ ਐਸ ਨਗਰ।** ਮੁਹਾਲੀ ਪੁਲੀਸ ਨੇ ਬੀਤੀ 29 ਅਗਸਤ ਨੂੰ ਖਰੜ ਏਰੀਆ ਤੋਂ ਇੱਕ ਕੈਬ ਡ੍ਰਾਈਵਰ ਨੂੰ ਅਗਵਾ ਕਰਕੇ ਉਸਦਾ ਕਤਲ ਕਰਨ ਅਤੇ ਉਸਦੀ ਲਾਸ਼ ਨੂੰ ਥਾਣਾ ਆਈ.ਟੀ. ਸਿਟੀ ਏਰੀਆ ਵਿੱਚ ਸੁੱਟਣ ਉਪਰੰਤ ਉਸਦੀ ਡਿਜਾਇਰ ਕਾਰ ਅਤੇ ਉਸਦਾ ਸਮਾਨ ਲੁੱਟਕੇ ਫਰਾਰ ਹੋਏ, ਜੰਮੂ ਅਤੇ ਕਸ਼ਮੀਰ ਦੇ ਰਹਿਣ ਵਾਲੇ ਤਿੰਨ ਮੁਲਜਮਾਂ (ਜਿਨ੍ਹਾਂ ਵਿੱਚੋਂ ਇੱਕ ਅੱਤਵਾਦੀ ਸੰਗਠਨ ਜੈਸ਼ ਏ ਮੁਹੰਮਦ ਦਾ ਮੈਂਬਰ ਹੈ) ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ ਲੁੱਟ ਕੀਤੀ ਕਾਰ ਅਤੇ .32 ਬੋਰ ਦਾ ਇੱਕ ਇੱਕ ਪਿਸਟਲ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡੀ ਆਈ ਜੀ ਸਜ਼ ਹਰਚਰਨ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਪੁਲੀਸ ਵਲੋਂ ਕੈਬ ਡ੍ਰਾਈਵਰ ਅਨਿਲ ਕੁਮਾਰ ਦੀ ਪਤਨੀ ਸੁਧਾ ਦੇਵੀ ਵਾਸੀ ਨਯਾ ਗਾਊਂ ਦੀ ਸ਼ਿਕਾਇਤ ਦੇ ਆਧਾਰ ਤੇ ਮਾਮਲਾ ਦਰਜ ਕੀਤਾ ਗਿਆ ਸੀ। ਸੁਧਾ ਦੇਵੀ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਸੀ ਕਿ ਉਸਦਾ ਘਰਵਾਲਾ ਅਨਿਲ ਕੁਮਾਰ ਟੈਕਸੀ ਚਲਾਉਂਦਾ ਹੈ ਅਤੇ 29 ਅਗਸਤ ਨੂੰ ਹਰ ਰੋਜ ਦੀ ਤਰ੍ਹਾਂ ਪਤੀ ਘਰ ਤੋਂ ਇਹ ਕਹਿ ਕੇ ਗੱਡੀ ਲੈ ਕੇ ਗਿਆ ਸੀ ਕਿ ਉਹ ਖਰੜ ਤੋਂ ਰੇਲਵੇ ਸਟੇਸ਼ਨ ਚੰਡੀਗੜ੍ਹ ਦੀ ਸਵਾਰੀ ਲੈ ਕੇ ਜਾ ਰਿਹਾ ਹੈ। ਜਿਸਤੋਂ ਬਾਅਦ ਉਹ ਆਪਣੇ ਪਤੀ ਨਾਲ ਲਗਾਤਾਰ ਸੰਪਰਕ ਕਰਦੀ ਰਹੀ ਪਰ ਉਸਦੇ ਪਤੀ ਦੇ ਦੋਨੋਂ ਮੋਬਾਇਲ ਫੋਨ ਬੰਦ ਆ ਰਹੇ ਸਨ। ਉਸਨੇ ਸ਼ੱਕ ਜਾਹਰ ਕੀਤਾ ਸੀ ਕਿ ਉਸਨੂੰ ਨਾ ਮਾਲੂਮ ਵਿਅਕਤੀਆਂ ਨੇ ਗੱਡੀ ਸਮੇਤ ਕਿਤੇ ਬੰਧਕ ਬਣਾਕੇ ਰੱਖਿਆ ਹੋਇਆ ਹੈ।



ਉਹਨਾਂ ਦੱਸਿਆ ਕਿ ਮੁਕੱਦਮਾ ਦਰਜ ਹੋਣ ਤੋਂ ਬਾਅਦ ਹਾਲਾਤ ਦੀ ਗੰਭੀਰਤਾ ਨੂੰ ਮੁੱਖ ਰੱਖਦਿਆਂ ਐਸ ਐਸ ਪੀ ਸਜ਼ ਹਰਮਨਦੀਪ ਸਿੰਘ ਹਾਂਸ ਵੱਲੋਂ ਮੁਹਾਲੀ ਪੁਲੀਸ ਦੀਆਂ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਸਨ ਅਤੇ ਸੀ.ਆਈ.ਏ. ਸਟਾਫ ਦੇ ਇੰਚਾਰਜ ਇੰਸ: ਹਰਮਿੰਦਰ ਸਿੰਘ ਅਤੇ ਥਾਣਾ ਨਵਾਂ ਗਰਾਓ ਦੇ ਮੁੱਖ ਅਫਸਰ ਇੰਸ ਸਤਨਾਮ ਸਿੰਘ ਸਾਂਝੇ ਤੌਰ ਤੇ ਕਾਰਵਾਈ ਕਰਦੇ ਹੋਏ, ਟੈਕਨੀਕਲ ਅਤੇ ਹਿਊਮਨ ਸੋਰਸ ਰਾਹੀਂ ਮੁਲਜਮਾਂ ਨੂੰ ਬੱਸ ਸਟੈਂਡ ਬਟਾਲਾ ਅਤੇ ਗੁਰਦਾਸਪੁਰ ਏਰੀਆ ਤੋਂ ਗ੍ਰਿਫਤਾਰ ਕੀਤਾ ਗਿਆ। ਉਹਨਾਂ ਦੱਸਿਆ ਕਿ ਗ੍ਰਿਫਤਾਰ ਕੀਤੇ ਵਿਅਕਤੀਆਂ ਦੀ ਪਛਾਣ ਸਾਹਿਲ ਬਾਸ਼ੀਰ ਵਾਸੀ ਜਿਲਾ ਕੁਪਵਾੜਾ, ਜੰਮੂ ਅਤੇ ਕਸ਼ਮੀਰ (19), ਮੁਨੀਸ਼ ਸਿੰਘ ਉਰਫ ਅੰਸ਼ ਵਾਸੀ ਜਿਲਾ ਡੋਡਾ, ਜੰਮੂ ਅਤੇ ਕਸ਼ਮੀਰ (22) ਅਤੇ ਐਜਾਜ ਅਹਿਮਦ ਖਾਨ ਉਰਫ ਵਸੀਮ ਵਾਸੀ ਜਿਲਾ ਕਲਾਮਾਬਾਦ, ਜੰਮੂ ਅਤੇ ਕਸ਼ਮੀਰ (22) ਵਜੋਂ ਹੋਈ ਹੈ। ਉਹਨਾਂ ਦੱਸਿਆ ਕਿ ਆਰੋਪੀਆਂ ਦੀ ਪੁੱਛਗਿੱਛ ਤੋਂ ਖੁਲਾਸਾ ਹੋਇਆ ਕਿ ਸਾਹਿਲ ਬਾਸ਼ੀਰ (ਜੋ ਜੈਸ਼ ਏ ਮੁਹੰਮਦ ਅੱਤਵਾਦੀ ਸੰਗਠਨ ਦਾ ਮੈਂਬਰ ਹੈ) ਥਾਣਾ ਕਲਾਮਾਬਾਦ, ਜੰਮੂ ਅਤੇ ਕਸ਼ਮੀਰ ਵਿੱਚ ਦਰਜ ਯੂ ਏ ਪੀ ਏ ਦੀ ਧਾਰਾ 13, 18, 23 ਯੂ ਏ ਪੀ ਏ ਅਤੇ ਆਰਮਜ਼ ਐਕਟ ਦੀ ਧਾਰਾ 25(7)-54-59 ਵਿੱਚ ਵੀ ਲੋੜੀਂਦਾ ਹੈ, ਜੋ ਹੁਣ ਤੱਕ ਫਰਾਰ ਚੱਲਿਆ ਆ ਰਿਹਾ ਸੀ। ਉਕਤ ਮਾਮਲੇ ਵਿੱਚ ਸਾਹਿਲ ਬਾਸ਼ੀਰ ਦਾ ਭਰਾ ਸਾਜਦ ਅਹਮਦ ਸ਼ਾਹ ਗ੍ਰਿਫਤਾਰ ਹੋ ਚੁੱਕਾ ਹੈ ਅਤੇ ਉਸ ਕੋਲੋਂ 2 ਪਿਸਟਲ ਅਤੇ ਏ ਕੇ-47 ਦੇ ਕਾਰਤੂਸ ਬ੍ਰਾਮਦ ਹੋਏ ਸਨ।

ਉਹਨਾਂ ਦੱਸਿਆ ਕਿ ਆਰੋਪੀਆਂ ਦੀ ਪੁੱਛਗਿੱਛ ਤੋਂ ਖੁਲਾਸਾ ਹੋਇਆ ਕਿ ਉਹਨਾਂ ਵੱਲੋਂ 29 ਅਗਸਤ ਨੂੰ ਖਰੜ ਤੋਂ ਰੇਲਵੇ ਸਟੇਸ਼ਨ ਚੰਡੀਗੜ੍ਹ ਜਾਣ ਦਾ ਬਹਾਨਾ ਬਣਾਕੇ ਕੈਬ ਬੁੱਕ ਕੀਤੀ ਸੀ। ਉਹਨਾਂ ਨੇ ਟੈਕਸੀ ਡਰਾਈਵਰ ਅਨਿਲ ਕੁਮਾਰ ਨੂੰ ਪਹਿਲਾਂ ਫੇਜ਼ 3ਬੀ2 ਮੁਹਾਲੀ ਤੋਂ ਹੁੰਦੇ ਹੋਏ ਏਅਰਪੋਰਟ ਰੋਡ ਜਾਣ ਨੂੰ ਕਿਹਾ ਸੀ, ਜਦੋਂ ਅਨਿਲ ਕੁਮਾਰ ਦੋਸ਼ੀਆਂ ਨੂੰ ਏਅਰਪੋਰਟ ਰੋਡ ਤੇ ਸਲਿੱਪ ਰੋਡ ਨੇੜੇ ਪਿੰਡ ਕੰਡਾਲਾ ਲੈ ਕੇ ਪੁੱਜਾ ਤਾਂ ਇਹਨਾਂ ਨੇ ਅਨਿਲ ਕੁਮਾਰ ਨੂੰ ਗੱਡੀ ਤੋਂ ਥੱਲੇ ਉੱਤਾਰ ਕੇ ਉਸਨੂੰ ਗੋਲੀਆਂ ਮਾਰਕੇ ਉਸਦਾ ਕਤਲ ਕਰ ਦਿੱਤਾ ਅਤੇ ਕਾਰ ਅਤੇ ਹੋਰ ਸਮਾਨ ਲੈ ਕੇ ਫਰਾਰ ਹੋ ਗਏ ਸਨ। ਉਹਨਾਂ ਦੱਸਿਆ ਕਿ ਸਾਹਿਲ ਬਾਸ਼ੀਰ ਅਤੇ ਮੁਨੀਸ਼ ਸਿੰਘ ਉਰਫ ਅੰਸ਼ ਨੂੰ ਬੱਸ ਸਟੈਂਡ ਬਟਾਲਾ ਅਤੇ ਐਜਾਜ ਅਹਿਮਦ ਖਾਨ ਉਰਫ ਵਸੀਮ ਨੂੰ ਜਿਲਾ ਗੁਰਦਾਸਪੁਰ ਤੋਂ ਗ੍ਰਿਫਤਾਰ ਕੀਤਾ। ਆਰੋਪੀਆਂ ਦੀ ਨਿਸ਼ਾਨਦੇਹੀ ਤੇ ਲੁੱਟ ਕੀਤੀ ਕਾਰ ਚਮੰਡਾ ਦੇਵੀ ਥਾਣਾ ਕੱਥੂ ਨੰਗਲ ਜਿਲਾ ਅੰਮ੍ਰਿਤਸਰ ਦਿਹਾਤੀ ਦੇ ਬੰਦ ਪਏ ਬੱਸ ਸਟੈਂਡ ਤੋਂ ਬ੍ਰਾਮਦ ਕੀਤੀ ਗਈ ਅਤੇ ਵਾਰਦਾਤ ਵਿੱਚ ਵਰਤਿਆ ਪਿਸਟਲ .32 ਬੋਰ ਅਤੇ ਡੈਡ ਬਾਡੀ ਦੇ ਨੇੜੇ ਤੋਂ 3 ਖੋਲ ਕਾਰਤੂਸ ਵੀ ਬ੍ਰਾਮਦ ਕੀਤੇ ਗਏ।

ਉਹਨਾਂ ਦੱਸਿਆ ਕਿ ਇਸ ਮਾਮਲੇ ਵਿੱਚ ਬੀ ਐਨ ਐਸ ਦੀ ਧਾਰਾ 140 (3), 103 304 ਅਤੇ ਆਰਮਜ਼ ਐਕਟ ਦੀ ਧਾਰਾ 25-54-59 ਐਕਟ ਦਾ ਵਾਧਾ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਆਰੋਪੀਆਂ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਤੋਂ ਹੋਰ ਵੀ ਖੁਲਾਸੇ ਹੋਣ ਦੀ ਉਮੀਦ ਹੈ।

# ਸੂਡਾਨ ਵਿੱਚ ਜ਼ਮੀਨ ਖਿਸਕਣ ਨਾਲ ਪੂਰਾ ਪਿੰਡ ਤਬਾਹ, 1,000 ਲੋਕਾਂ ਦੀ ਮੌਤ



**ਕਾਬੁਲ।** ਦੁਨੀਆ ਵਿੱਚ ਕੁਦਰਤ ਆਪਣਾ ਭਿਆਨਕ ਰੂਪ ਦਿਖਾ ਰਹੀ ਹੈ। ਇੱਕ ਪਾਸੇ ਅਫ਼ਗਾਨਿਸਤਾਨ ਵਿੱਚ ਭੂਚਾਲ ਦੀ ਤਬਾਹੀ ਦੇਖਣ ਨੂੰ ਮਿਲੀ, ਉੱਥੇ ਹੀ ਦੂਜੇ ਪਾਸੇ ਅਫਰੀਕੀ ਦੇਸ਼ ਸੁਡਾਨ ਵਿੱਚ ਕੁਦਰਤ ਨੇ ਆਪਣਾ ਭਿਆਨਕ ਰੂਪ ਦਿਖਾਇਆ ਹੈ। ਸੁਡਾਨ ਵਿਚ ਜ਼ਮੀਨ ਖਿਸਕਣ ਕਾਰਨ ਭਾਰੀ ਤਬਾਹੀ ਹੋਈ। ਸੋਮਵਾਰ ਨੂੰ, ਸੁਡਾਨ ਲਿਬਰੇਸ਼ਨ ਮੂਵਮੈਂਟ/ਆਰਮੀ ਨੇ ਰਿਪੋਰਟ ਦਿੱਤੀ ਕਿ ਜ਼ਮੀਨ ਖਿਸਕਣ ਕਾਰਨ ਘੱਟੋ-ਘੱਟ 1,000 ਲੋਕਾਂ ਦੀ ਮੌਤ ਹੋ ਗਈ ਹੈ। ਇੱਥੇ ਤਬਾਹੀ ਇੰਨੀ ਭਿਆਨਕ ਸੀ ਕਿ ਪੱਛਮੀ ਸੁਡਾਨ ਦੇ ਮਾਰਾ ਪਹਾੜੀ ਖੇਤਰ ਵਿੱਚ ਇੱਕ ਪੂਰਾ ਪਿੰਡ ਤਬਾਹ ਹੋ ਗਿਆ। ਇਹ ਦਾਰਫੁਰ ਖੇਤਰ ਵਿੱਚ ਪੈਂਦਾ ਹੈ। ਇੱਥੇ ਸਿਰਫ਼ ਇੱਕ ਬੱਚਾ ਬਚਿਆ। ਸੁਡਾਨ ਵਿੱਚ ਸਥਿਤੀ ਕਾਫ਼ੀ ਭਿਆਨਕ ਹੈ। ਇੱਕ ਬਿਆਨ ਵਿੱਚ ਜਾਣਕਾਰੀ ਦਿੰਦੇ ਹੋਏ, ਅਬਦੇਲਵਾਹਿਦ ਮੁਹੰਮਦ ਨੂਰ ਦੀ ਅਗਵਾਈ ਵਾਲੇ ਸਮੂਹ ਨੇ ਕਿਹਾ ਕਿ ਇਹ ਜ਼ਮੀਨ ਭਾਰੀ ਮੀਂਹ ਕਾਰਨ ਖਿਸਕੀ ਹੈ। 31 ਅਗਸਤ ਨੂੰ ਭਾਰੀ ਮੀਂਹ ਪਿਆ, ਜਿਸ ਤੋਂ ਬਾਅਦ ਜ਼ਮੀਨ ਖਿਸਕਣ ਦੀ ਘਟਨਾ ਵਾਪਰੀ। ਜਿਸ ਨੇ ਇੱਕ ਪਿੰਡ ਨੂੰ ਪੂਰੀ ਤਰ੍ਹਾਂ ਮਿਟਾ ਦਿੱਤਾ ਅਤੇ ਪਿੰਡ ਮਿੱਟੀ ਵਿੱਚ ਬਦਲ ਗਿਆ। ਇਸ ਜ਼ਮੀਨ ਖਿਸਕਣ ਵਿੱਚ ਹਜ਼ਾਰਾਂ ਲੋਕ ਮਾਰੇ ਗਏ ਹਨ, ਜਿਨ੍ਹਾਂ ਵਿੱਚ ਮਰਦ, ਔਰਤਾਂ ਅਤੇ ਬੱਚੇ ਸ਼ਾਮਲ ਹਨ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸੱਚ ਆਖਿਆ ਭਾਂਬੜ ਮਚਦਾ ਏ...: ਆਪਣੇ ਹੀ ਵਿਧਾਇਕ ਉੱਤੇ ਕਸਿਆ ਸ਼ਿਕੰਜਾ ਬਾਕੀ ਕਿਵੇਂ ਬੋਲਣਗੇ

**ਬਲਬੀਰ ਸਿੰਘ ਬੱਬੀ**

ਆਮ ਆਦਮੀ ਪਾਰਟੀ ਦਾ ਜਦੋਂ ਜਨਮ ਹੋਇਆ ਤਾਂ ਇਨਕਲਾਬ ਜਿੰਦਾਬਾਦ ਦਾ ਨਾਅਰਾ ਪ੍ਰਮੁੱਖ ਤੌਰ ਉੱਤੇ ਇਹਨਾਂ ਦੀ ਜ਼ੁਬਾਨ ਵਿੱਚ ਸੀ ਭਿਰਸ਼ਟਾਚਾਰ ਵਿਰੁੱਧ ਚੱਲ ਕੇ ਨਵੀਂ ਰਾਜਨੀਤੀ ਦਾ ਨਾਅਰਾ ਲੈ ਕੇ ਆਮ ਆਦਮੀ ਪਾਰਟੀ ਭਾਰਤ ਦੀ ਸਿਆਸਤ ਵਿੱਚ ਆਈ ਪੰਜਾਬ ਦੇ ਵਿੱਚ ਭਗਤ ਸਿੰਘ ਦੀ ਇਨਕਲਾਬੀ ਸੋਚ ਨੂੰ ਲੋਕਾਂ ਰੱਖ ਕੇ ਲੋਕਾਂ ਅੱਗੇ ਰੱਖ ਕੇ ਆਮ ਆਦਮੀ ਪਾਰਟੀ ਦਾ ਪ੍ਰਚਾਰ ਸ਼ੁਰੂ ਹੋਇਆ ਤੇ ਲੋਕ ਆਪ ਮੁਹਾਰੇ ਇਸ ਪਾਰਟੀ ਦੇ ਨਾਲ ਜੁੜੇ ਨਵੇਂ ਜਨਮੀ ਪਾਰਟੀ ਨੂੰ ਪਹਿਲਾਂ ਦਿੱਲੀ ਤੇ ਫਿਰ ਪੰਜਾਬ ਦੇ ਵਿੱਚ ਬਹੁਤ ਹੁੰਗਾਰਾ ਮਿਲਿਆ।

ਇਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜਦੋਂ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸਨ ਤਾਂ ਉਹ ਅਜਿਹੀਆਂ ਗੱਲਾਂ ਲੋਕਾਂ ਵਿੱਚ ਕਰਦੇ ਸਨ ਕਿ ਲੋਕ ਅੰਦਰੋਂ ਖਿੱਚੇ ਜਾਂਦੇ ਕਿ ਸੱਚ ਮੁੱਚ ਹੀ ਆਮ ਆਦਮੀ ਪਾਰਟੀ ਨੇ ਨਿਜ਼ਾਮ ਬਦਲ ਦੇਣਾ ਹੈ। ਤਿੰਨ ਸਾਲ ਤੋਂ ਉੱਪਰ ਦਾ ਸਮਾਂ ਇਸ ਪਾਰਟੀ ਨੂੰ ਪੰਜਾਬ ਵਿੱਚ ਸਰਕਾਰ ਬਣਾਈ ਨੂੰ ਹੋ ਗਿਆ ਹੈ ਬੇਸ਼ਕ ਦੋ ਵਾਰ ਦਿੱਲੀ ਵਿੱਚ ਵੀ ਆਮ ਆਦਮੀ ਪਾਰਟੀ ਦੀ



ਸਰਕਾਰ ਬਣੀ ਪਰ ਇਸ ਵਾਰ ਦਿੱਲੀਓਂ ਪੂਰੀ ਤਰ੍ਹਾਂ ਧੋ ਦਿੱਤੇ ਤੇ ਇਹੀ ਲਾਣਾ ਹੁਣ ਪੰਜਾਬ ਦੇ ਵਿੱਚ ਕਾਬਜ਼ ਹੈ ਇਸ ਵਿੱਚ ਤਾਂ ਕੋਈ ਸ਼ੱਕ ਨਹੀਂ ਕਿ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਸੀਨੀਅਰ ਆਗੂ ਮਨੀਸ ਸਿਸੋਦੀਆ ਸੰਜੇ ਸਿੰਘ ਦਰਗੇਸ਼ ਪਾਠਕ ਰਾਘਵ ਚੱਡਾ ਜਿਹੇ ਆਗੂ ਪਾਰਟੀ ਦੇ ਉੱਪਰ ਕਾਬਜ ਤਾਂ ਹਨ ਹੀ ਤੇ ਨਾਲ ਹੀ ਗੁਪਤ ਰੂਪ ਵਿੱਚ ਧੱਕੇਸ਼ਾਹੀ ਵੀ ਪੂਰੀ ਕਰਦੇ ਹਨ। ਅਨੇਕਾਂ ਵਾਰ ਕਈ ਗੱਲਾਂ ਸਾਹਮਣੇ ਆਈਆਂ ਪਰ ਆਪਣੇ ਅਕਾਵਾਂ ਦੇ ਦਬਦਬੇ ਕਾਰਨ ਸਭ ਕੁਝ ਅੰਦਰ ਹੀ ਸਮੋਅ ਲਿਆ ਜਾਂਦਾ।

ਮੌਜੂਦਾ ਸਮੇਂ ਪੰਜਾਬ ਦੇ ਵਿੱਚ ਜੋ ਹੜਾਂ ਦੀ ਸਥਿਤੀ ਹੈ ਉਸ ਦੇ ਵਿੱਚ ਚੋ ਜੋ ਕੁਝ ਸਾਹ-ਮਣੇ ਆਇਆ ਹੈ ਉਹ ਹੈਰਾਨ ਕਰਨ ਵਾਲਾ ਹੈ ਖਾਸ ਤੌਰ ਉਤੇ ਆਮ ਆਦਮੀ ਪਾਰਟੀ ਦੇ ਪਟਿਆਲਾ ਦੇ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣ ਮਾਜਰਾ ਨੇ ਪੱਤਰਕਾਰ ਭਾਈਚਾਰੇ ਅੱਗੇ ਸੋਸ਼ਲ ਮੀਡੀਆ ਰਾਹੀਂ ਜੋ ਗੱਲਾਂ ਰੱਖੀਆਂ ਹਨ ਉਹ ਪੰਜਾਬ ਦੇ ਨਾਲ ਖੜਨ ਦੀਆਂ ਹਨ ਪੰਜਾਬ ਦੇ ਹੱਕ ਵਿੱਚ ਕੀਤੀਆਂ ਗਈਆਂ ਹਨ ਕਿਉਂਕਿ ਪੰਜਾਬ ਦੇ ਸਮੁੱਚੇ ਐਮਐਲਏ ਇਸ ਮੰਤਰੀਆਂ ਤੇ ਮੁੱਖ ਮੰਤਰੀਆਂ ਦੀ ਸਥਿਤੀ ਇਹ ਹੈ ਕਿ ਆਉਣ ਵਾਲੇ ਸਮੇਂ ਦੇ ਵਿੱਚ ਪੰਜਾਬ ਦੇ ਲੋਕ ਇਹਨਾਂ ਨੂੰ ਸਵੀਕਾਰ ਕਰਨ ਦੇ ਹੱਕ ਵਿੱਚ ਨਹੀਂ। ਇਸ ਲਈ ਇਸ ਦੇ ਐਮਐਲਏ ਨੇ ਸੱਚ ਕਹਿ ਦਿੱਤਾ ਤੇ ਉਸ ਤੋਂ ਬਾਅਦ ਜੋ ਕਾਰਵਾਈ ਉਸ ਉੱਪਰ ਹੋਈ ਹੈ ਉਹ ਸਾਡੇ ਸਭ ਦੇ ਸਾਹਮਣੇ ਹੈ ਕਿਸ ਤਰ੍ਹਾਂ ਇੱਕ ਪੁਰਾਣਾ ਕੇਸ ਕੱਢ ਲਿਆ ਉਸ ਤੋਂ ਬਾਅਦ ਪੁਲਿਸ ਦੀ ਛਾਪੇਮਾਰੀ ਹੁਣ ਉਸ ਨੂੰ ਗ੍ਰਿਫਤਾਰ ਕਰਨ ਦੀਆਂ ਖਬਰਾਂ ਆ ਰਹੀਆਂ ਹਨ ਇਹ ਹੈ ਆਮ ਆਦਮੀ ਪਾਰਟੀ ਦੇ ਨਵੇਂ ਇਨਕਲਾਬੀਆਂ ਦਾ ਸੱਚ, ਜੋ ਸੱਚ ਸੁਣਨ ਨੂੰ ਵੀ ਤਿਆਰ ਨਹੀਂ।

# ਸੰਕਟ ਵੇਲੇ ਸਰਕਾਰ ਜ਼ਿੰਮੇਵਾਰੀ ਨਿਭਾਏ,ਸਮਾਜ ਵੀ ਪੀੜਤ ਲੋਕਾਂ ਦੀ ਬਾਂਹ ਫੜੇ : ਐਡਵੋਕੇਟ ਬਲਵਿੰਦਰ ਕੁਮਾਰ

**ਜਲੰਧਰ (ਚਰਨਜੀਤ ਸੱਲ੍ਹਾਂ )** ਪੰਜਾਬ ਵਿੱਚ ਲਗਾਤਾਰ ਪੈ ਰਹੇ ਮੀਂਹ ਤੇ ਹੜ੍ਹ ਕਰਕੇ ਹਾਲਾਤ ਕਾਫੀ ਖ਼ਰਾਬ ਹੋ ਚੁੱਕੇ ਹਨ। ਲੋਕ ਘਰੋਂ ਬੇਘਰ ਹੋ ਰਹੇ ਹਨ। ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਲੋਕਾਂ ਦੇ ਘਰ ਟੁੱਟ ਰਹੇ ਹਨ। ਦਿਹਾੜੀਦਾਰ ਲੋਕਾਂ ਲਈ ਕੰਮ ਦਾ ਸੰਕਟ ਖੜਾ ਹੋਣ ਕਰਕੇ ਘਰ ਵਿੱਚ ਰੋਟੀ ਦਾ ਪ੍ਰਬੰਧ ਕਰਨਾ ਮੁਸ਼ਕਿਲ ਹੋ ਰਿਹਾ ਹੈ। ਇਸ ਸਮੇਂ





ਲੋੜ ਹੈ ਕਿ ਮੁਸ਼ਕਿਲ ਵਿੱਚ ਫਸੇ ਆਪਣੇ ਲੋਕਾਂ ਨਾਲ ਖੜੇ ਹੋਈਏ। ਸਰਕਾਰ ਵੀ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਵੇ ਤੇ ਸਮਾਜ ਵੀ ਮੁਸ਼ਕਿਲਾਂ ਵਿੱਚ ਘਿਰੇ ਲੋਕਾਂ ਦੀ ਬਾਂਹ ਫੜੇ, ਤਾਂ ਕਿ ਉਨ੍ਹਾਂ ਨੂੰ ਇਨ੍ਹਾਂ ਮਾੜੇ ਹਾਲਾਤ ਵਿੱਚੋਂ ਬਾਹਰ ਕੱਢਿਆ ਜਾ ਸਕੇ। ਇਸ ਵਿਚਾਰ ਐਡਵੋਕੇਟ ਬਲਵਿੰਦਰ ਕੁਮਾਰ ਜਨਰਲ ਸਕੱਤਰ ਬਸਪਾ ਪੰਜਾਬ ਜੋਨ ਇੰਚਾਰਜ ਜਲੰਧਰ ਦੇ ਹਨ। ਅੱਜ ਉਨ੍ਹਾਂ ਲੋਕਾਂ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਦੇ ਘਰਾਂ ਦੀਆਂ ਛੱਤਾਂ ਮੀਂਹ ਕਰਕੇ ਖਰਾਬ ਹੋਈਆਂ ਹਨ। ਘਰਾਂ ਦਾ ਵੱਡਾ ਨੁਕਸਾਨ ਹੋਇਆ ਹੈ। ਇਸ ਦੌਰਾਨ ਬਸਪਾ ਆਗੂ ਸ਼ਾਦੀ ਲਾਲ ਬੱਲਾਂ ਵੀ ਨਾਲ ਮੌਜੂਦ ਸਨ। ਇਹ ਤਸਵੀਰਾਂ ਰੂਬੀ ਬੱਲ ਤੇ ਪ੍ਰੀਤਮ ਦਾਸ, ਪਿੰਡ ਬੱਲਾਂ ਦੇ ਘਰਾਂ ਦੀਆਂ ਹਨ, ਜਿਨ੍ਹਾਂ ਨੂੰ ਮੀਂਹ ਨਾਲ ਭਾਰੀ ਨੁਕਸਾਨ ਪਹੁੰਚਿਆ ਹੈ।

# ਜਵੱਦੀ ਟਕਸਾਲ ਵੱਲੋਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰਾਹਤ ਸਮੱਗਰੀ ਦੇ ਭਰੇ ਚਾਰ ਟਰੱਕ ਰਵਾਨਾ ਕੀਤੇ

## ਬਿਪਤਾ ਦੇ ਵਕਤ 'ਚ ਪੀੜਤਾਂ ਦੇ ਨਾਲ ਖੜੀਏ, ਸਿਰ ਆਈ ਆਫਤ ਨਾਲ ਨਜਿੱਠਣਾ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ- ਸੰਤ ਅਮੀਰ ਸਿੰਘ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)-** ਗੁਰਬਾਣੀ ਪ੍ਰਚਾਰ ਪਸਾਰ ਅਤੇ ਪੁਰਾਤਨ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਨਿਰੰਤਰ ਸੇਵਾਵਾਂ ਨਿਭਾਉਣ ਵਾਲੀ ਜਵੱਦੀ ਟਕਸਾਲ ਵੱਲੋਂ ਅੱਜ ਪੰਜਾਬ ਵਿੱਚ ਆਏ ਹੜ੍ਹਾਂ ਕਾਰਨ ਪੀੜਤ ਹੋਏ ਲੋਕਾਂ ਦੀ ਸਹਾਇਤਾ ਲਈ ਰਾਹਤ ਸਮੱਗਰੀ ਦੇ ਭਰੇ ਚਾਰ ਟਰੱਕ ਰਵਾਨਾ ਕੀਤੇ।

ਇਸ ਮੌਕੇ ਟਕਸਾਲ ਦੇ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਕਿਹਾ ਕਿ "ਜਵੱਦੀ ਟਕਸਾਲ" ਕੌਮ ਦੀ ਆਪਣੀ ਸੰਸਥਾ ਹੈ, ਇਸ ਲਈ ਹਰ ਔਖੇ ਵੇਲੇ ਲੋਕਾਂ ਨਾਲ ਖੜਨਾ ਸਾਡਾ ਫਰਜ਼ ਬਣ ਜਾਂਦਾ ਹੈ, ਕਿ ਆਪਣੇ ਭੈਣ-ਭਰਾਵਾਂ ਦੀ ਸਹਾਇਤਾ ਲਈ ਕਦਮ ਵਧਾਈਏ। ਉਹਨਾਂ ਦੱਸਿਆ ਕਿ ਪ੍ਰਾਪਤ ਹੋ ਰਹੀਆਂ ਖਬਰਾਂ ਅਨੁਸਾਰ ਪੰਜਾਬ ਦੇ ਕਈ ਇਲਾਕੇ ਹੜ੍ਹਾਂ ਦੀ ਮਾਰ ਹੇਠ ਆਏ ਹੋਏ ਹਨ। ਜਿਸ ਕਰਕੇ ਲੱਖਾਂ ਏਕੜ ਫਸਲ ਤਬਾਹ ਹੋ ਚੁੱਕੀ ਹੈ, ਕੀਮਤੀ ਮਸ਼ੀਨਰੀ ਬਰਬਾਦ ਹੋ ਚੁੱਕੀ ਹੈ, ਹੱਸਦੇ ਵੱਸਦੇ ਘਰਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ, ਲੋਕਾਂ ਦਾ ਕੀਮਤੀ ਸਰਮਾਇਆ ਮਾਲ ਡੰਗਰ ਹੜ੍ਹ ਦੇ ਪਾਣੀ ਵਿੱਚ ਰੁੜ ਗਿਆ ਹੈ। ਇਸ ਲਈ ਆਪਣੇ ਭੈਣ-ਭਰਾਵਾਂ ਦੇ ਰਹਿਣ-ਸਹਿਣ, ਖਾਣ-ਪੀਣ ਅਤੇ ਹੋਰ ਲੋੜੀਦੀਆਂ ਵਸਤਾਂ ਉਹਨਾਂ ਹੜ੍ਹ ਪੀੜਤਾਂ ਤੱਕ ਭੇਜਣ ਲਈ "ਜਵੱਦੀ ਟਕਸਾਲ" ਦੇ ਵਿਦਿਆਰਥੀ ਅਤੇ ਸੇਵਾਦਾਰ



ਉਚੇਚੇ ਤੌਰ ਤੇ ਅੱਜ ਰਵਾਨਾ ਹੋਏ। ਇੱਕ ਸਵਾਲ ਦੇ ਜਵਾਬ ਵਿੱਚ ਬਾਬਾ ਜੀ ਨੇ ਦੱਸਿਆ ਕਿ ਰਾਹਤ ਸਮੱਗਰੀ 'ਚ ਤਰਪਾਲਾਂ, ਆਟਾ, ਚਾਵਲ, ਦਾਲਾਂ, ਚਾਹ ਪੱਤੀ, ਚੀਨੀ, ਸੁੱਕਾ ਦੁੱਧ, ਜੀਵਨ ਰਖਸ਼ਕ ਦਵਾਈਆਂ, ਬਿਸਤਰੇ, ਮੱਛਰ ਤੋਂ ਬਚਾਅ ਲਈ ਦਵਾਈਆਂ ਅਤੇ ਨਵੇਂ ਬਸਤਰ ਆਦਿ ਭੇਜੇ ਗਏ ਹਨ। ਉਨ੍ਹਾਂ ਪ੍ਰਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਗੁਰੂ ਸਾਹਿਬਾਨਾਂ ਦੀ ਵਰੋਸਾਈ ਧਰਤੀ ਪੰਜਾਬ ਦੇ ਲੋਕ ਲੇਹ ਲਦਾਖ, ਜੰਮੂ ਕਸ਼ਮੀਰ, ਕੇਰਲਾ, ਨੇਪਾਲ, ਮੇਘਾਲਿਆ, ਉਤਰਾਖੰਡ ਆਦਿ ਤੋਂ ਇਲਾਵਾ ਹਮੇਸ਼ਾਂ ਆਫਤਾਂ ਸਮੇਂ ਦੇਸ਼ ਦੁਨੀਆ ਅੰਦਰ ਪੀੜ੍ਹਤਾਂ ਨਾਲ ਖੜਦੇ ਆਏ ਹਨ, ਪਰ ਕਦੇ ਕੋਈ ਹੋਰ ਧਾਰਮਿਕ ਸੰਸਥਾ ਪੰਜਾਬੀਆਂ ਤੇ ਖਾਸਕਰ ਸਿੱਖਾਂ ਲਈ ਅੱਗੇ ਕਿਉਂ ਨਹੀਂ ਆਈ। ਇਸ ਕਰਕੇ ਹਜ਼ਾਰਾਂ ਲੋਕ ਜੋ ਬੇਘਰ ਹੋ ਚੁੱਕੇ ਨੇ, ਇਸੇ ਤਰ੍ਹਾਂ ਬੇਜਵਾਨ ਪਸ਼ੂ ਪਾਣੀ ਦੀ ਮਾਰ ਹੇਠ ਆ ਚੁੱਕੇ ਨੇ, ਬਿਪਤਾ ਦੇ ਇਸ ਵਕਤ ਵਿੱਚ ਅਸੀਂ ਉਹਨਾਂ ਪੀੜ੍ਹਤਾਂ ਦੇ ਨਾਲ ਖੜੀਏ, ਸਿਰ ਆਈ ਆਫਤ ਨਾਲ ਨਜਿੱਠਣਾ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ। ਪਲੈਟੀਨਮ ਲੇਨ ਦੁੱਗਰੀ, ਗਗਨਦੀਪ ਸਿੰਘ (ਖਾਲਸਾ ਪਰਿਵਾਰ), ਜਗਜੀਤ ਸਿੰਘ ਭੰਮ ਜਵੈਲਰ, ਅਨਮੋਲ ਕਾਰ ਬਜ਼ਾਰ ਅਤੇ ਪਰਮਜੀਤ ਸਿੰਘ ਵੱਲੋਂ ਵਿਸ਼ੇਸ਼ ਸਹਿਯੋਗ ਕੀਤਾ ਗਿਆ।

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਭਾਰੀ ਬਾਰਿਸ਼ ਕਾਰਣ ਰੇਲ ਕੋਚ ਫੈਕਟਰੀ ਦਾ ਡ੍ਰੇਨੇਜ ਸਿਸਟਮ ਹੋਇਆ ਫੇਲ੍ਹ, ਰੇਲਵੇ ਕਲੋਨੀ ਦੇ ਕੁਆਰਟਰਾਂ ਵਿਚ 4 ਤੋਂ 5 ਫੁੱਟ ਭਰਿਆ ਪਾਣੀ

**● ਕੀਮਤੀ ਸਮਾਨ ਦਾ ਹੋਇਆ ਨੁਕਸਾਨ , ਰੇਲਵੇ ਪ੍ਰਸ਼ਾਸਨ ਨੇ ਕੀਤੇ ਐਮਰਜੈਂਸੀ ਨੰਬਰ ਜਾਰੀ ● ਇੰਪਲਾਈਜ਼ ਯੂਨੀਅਨ ਦੇ ਆਗੂਆਂ ਨੇ ਕੀਤੀ ਰੇਲਵੇ ਬੋਰਡ ਤੋਂ ਨਵੀਂ ਤਕਨਾਲੋਜੀ ਦਾ ਡਰੇਨ ਸਿਸਟਮ ਲਗਾਉਣ ਦੀ ਮੰਗ**




**ਕਪੂਰਥਲਾ (ਕੌੜਾ)–** ਭਾਰੀ ਬਾਰਿਸ਼ ਨੇ ਜਿੱਥੇ ਤਬਾਹੀ ਮਚਾਈ ਹੋਈ ਹੈ। ਉਥੇ ਹੀ ਮੰਗਲਵਾਰ ਨੂੰ ਰਾਤ ਤੋਂ ਹੋ ਰਹੀ ਭਾਰੀ ਬਾਰਿਸ਼ ਦੇ ਚੱਲਦੇ ਰੇਲ ਕੋਚ ਫੈਕਟਰੀ ਕਪੂਰਥਲਾ ਦੇ ਡਰੇਨਿੰਗ ਸਿਸਟਮ ਫੇਲ੍ਹ ਹੋਣ ਕਾਰਣ ਰੇਲ ਕੋਚ ਫੈਕਟਰੀ ਦੀ ਰਿਹਾਇਸ਼ੀ ਕਲੋਨੀ ਵਿੱਚ ਪਾਣੀ ਭਰ ਗਿਆ। ਜਿਸ ਕਾਰਣ ਰੇਲਵੇ ਕਰਮਚਾਰੀਆਂ ਤੇ ਉਹਨਾਂ ਦੇ ਪਰਿਵਾਰ ਨੂੰ ਜਿੱਥੇ ਭਾਰੀ ਪਰੇਸ਼ਾਨੀ ਝੱਲਣੀ ਪਈ। ਉਥੇ ਹੀ ਉਹਨਾਂ ਦੇ ਕੁਆਰਟਰਾਂ ਵਿਚ ਪਿਆ ਸਮਾਨ ਪੂਰੀ ਤਰ੍ਹਾਂ ਖ਼ਰਾਬ ਹੋ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਆਰ ਸੀ ਐੱਫ ਇੰਪਲਾਈਜ਼ ਯੂਨੀਅਨ ਤੋਂ ਸਰਵਜੀਤ ਸਿੰਘ,ਅਮਰੀਕ ਸਿੰਘ, ਮਨਜੀਤ ਸਿੰਘ ਬਾਜਵਾ,ਅਮਰੀਕ ਸਿੰਘ ਗਿੱਲ ,ਭਰਤ ਰਾਜ, ਹਰਵਿੰਦਰ ਪਾਲ ਸਿੰਘ ,ਜਸਪਾਲ ਸਿੰਘ ਸੇਖੋਂ,ਪ੍ਰਦੀਪ ਕੁਮਾਰ, ਬਚਿੱਤਰ ਸਿੰਘ ਨਰਿੰਦਰ ਕੁਮਾਰ, ਤਿਰਲੋਚਨ ਸਿੰਘ ਜਗਤਾਰ ਸਿੰਘ ਆਦਿ ਰੇਲ ਕਰਮਚਾਰੀਆਂ ਨੇ ਦੱਸਿਆ ਕਿ ਭਾਰੀ ਬਾਰਿਸ਼ ਦੇ ਚੱਲਦੇ ਰੇਲ ਕੋਚ ਫੈਕਟਰੀ ਦਾ ਪਾਣੀ ਜੋ ਡਰੇਨਿੰਗ ਸਿਸਟਮ ਪੁਰਾਣਾ ਹੋਣ ਕਾਰਣ ਤੇ ਜਿਆਦਾ ਪਾਣੀ ਹੋਣ ਕਾਰਨ ਉਸ ਨੂੰ ਅੱਗੇ ਡਰੇਨ ਨਹੀਂ ਕਰ ਸਕਿਆ ਤੇ ਪੂਰੀ ਤਰ੍ਹਾਂ ਫੇਲ੍ਹ ਹੋ ਗਿਆ। ਜਿਸਦੇ ਚਲਦੇ ਰੇਲ ਕੋਚ ਫੈਕਟਰੀ ਦੇ ਗੇਟ ਨੰਬਰ -3 ਦੇ ਨਾਲ ਲੱਗਦੀ ਟਾਈਪ -1 ਦੀ ਰੇਲਵੇ ਕਰਮਚਾਰੀ ਰਿਹਾਇਸ਼ੀ ਕਲੋਨੀ ਦੇ ਲਗਭਗ 4 ਬਲਾਕਾਂ ਦੇ ਕੁਆਰਟਰਾਂ ਵਿੱਚ ਭਾਰੀ ਮਾਤਰਾ ਵਿੱਚ ਬਾਰਿਸ਼ ਦਾ ਪਾਣੀ 4-5 ਫੁੱਟ ਜਮ੍ਹਾਂ ਹੋ ਕੇ ਅੰਦਰ ਕਲੋਨੀ ਦੇ ਕਮਰਿਆਂ ਵਿੱਚ ਵੜ ਗਿਆ । ਜਿਸ ਨਾਲ ਜਿੱਥੇ ਰੇਲਵੇ ਕਰਮਚਾਰੀ ਤੇ ਉਹਨਾਂ ਦੇ ਪਰਿਵਾਰਾਂ ਨੂੰ ਭਾਰੀ ਪਰੇਸ਼ਾਨੀ ਹੋਈ। ਉੱਥੇ ਹੀ ਉਹਨਾਂ ਦਾ ਕੀਮਤੀ ਸਮਾਨ ਪੂਰੀ ਤਰ੍ਹਾਂ ਖਰਾਬ ਹੋ ਗਿਆ। ਖ਼ਬਰ ਲਿਖੇ ਜਾਣ ਤੱਕ ਜਿੱਥੇ ਰੇਲਵੇ ਕਰਮਚਾਰੀ ਆਪਣੇ ਤੌਰ ਤੇ ਇਸ ਬਾਰਿਸ਼ ਦੇ ਪਾਣੀ ਨੂੰ ਆਪਣੇ ਘਰਾਂ ਵਿੱਚੋਂ ਕੱਢਣ ਦੇ ਯਤਨ ਕਰ ਰਹੇ ਸਨ। ਉਥੇ ਹੀ ਇਸ ਦੇ ਨਾਲ ਹੀ ਪ੍ਰਭਾਵਿਤ ਰੇਲਵੇ ਕਰਮਚਾਰੀਆਂ ਤੇ ਉਹਨਾਂ ਦੇ ਪਰਿਵਾਰਾਂ ਲਈ ਇੰਪਲਾਈਜ ਯੂਨੀਅਨ ਦੁਆਰਾ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ।

ਇਸ ਭਾਰੀ ਬਾਰਿਸ਼ ਨਾਲ ਰੇਲਵੇ ਦੀ ਇਸ ਰਿਹਾਇਸ਼ੀ ਕਲੋਨੀ ਦੀਆਂ ਕਈ ਛੱਤਾਂ ਪੁਰਾਣੀਆਂ ਹੋਣ ਕਾਰਣ ਚੋਅ ਰਹੀਆਂ ਸਨ।ਉਧੱਰ ਰੇਲ ਕੋਚ ਫੈਕਟਰੀ ਪ੍ਰਸ਼ਾਸਨ ਵੱਲੋਂ ਕੁਆਰਟਰਾਂ ਵਿਚ ਪਾਣੀ ਭਰਣ ਕਾਰਣ ਰੇਲਵੇ ਕਰਮਚਾਰੀਆਂ ਦੀ ਸਰੁੱਖਿਆ, ਬਿਜਲੀ, ਸਿਹਤ ਸਹੂਲਤਾਂ ਆਦਿ ਲਈ ਤੇ ਐਮਰਜੈਂਸੀ ਸੇਵਾਵਾਂ ਲਈ 98711-01219, 80592-92453 ਨੰਬਰ ਜਾਰੀ ਕੀਤੇ ਗਏ ਹਨ।ਰੇਲਵੇ ਕਰਮਚਾਰੀਆਂ ਨੇ ਰੇਲਵੇ ਬੋਰਡ ਤੇ ਰੇਲਵੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਫੈਕਟਰੀ ਦੇ ਡਰੇਨ ਸਿਸਟਮ ਨੂੰ ਨਵੀਂ ਤਕਨਾਲੋਜੀ ਨਾਲ ਵਿਕਸਿਤ ਕੀਤਾ ਜਾਵੇ ਤਾਂ ਕਿ ਇਸ ਸਮੱਸਿਆ ਤੋਂ ਭਵਿੱਖ ਵਿੱਚ ਰੇਲਵੇ ਕਰਮਚਾਰੀਆਂ ਨੂੰ ਨਿਜ਼ਾਤ ਮਿਲ ਸਕੇ।





# ਕੇਂਦਰ ਪੰਜਾਬ ਹੜ੍ਹਾਂ ਤੇ ਰਾਹਤ ਕਾਰਜਾਂ 'ਚ ਤੇਜ਼ੀ ਲਿਆਵੇ ਅਤੇ ਜਲਦੀ ਰਾਹਤ ਪੈਕੇਜ ਦਾ ਐਲਾਨ ਕਰੇ - ਸੰਤ ਸ਼ਮਸ਼ੇਰ ਸਿੰਘ ਜਗੇੜਾ

## ਕੁਦਰਤੀ ਕਰੋਪੀ ਦੇ ਕਹਿਰ ਤੇ ਰਹਿਮ ਲਈ ਸਰਬੱਤ ਦੇ ਭਲੇ ਦੀ ਕੀਤੀ ਅਰਦਾਸ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸੰਤ ਸ਼ਮਸ਼ੇਰ ਸਿੰਘ ਜਗੇੜਾ ਪ੍ਰਧਾਨ ਇੰਟਰਨੈਸ਼ਨਲ ਸੰਤ ਸਮਾਜ ਨੇ ਅੱਜ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਵਿੱਚ ਆਏ ਹੜ੍ਹਾਂ ਕਰਕੇ ਰਾਹਤ ਕਾਰਜਾਂ ਵਿੱਚ ਤੇਜ਼ੀ ਲਿਆਵੇ ਅਤੇ ਇੱਕ ਰਾਹਤ ਪੈਕੇਜ ਫੋਰੀ ਤੌਰ ਤੇ ਪੰਜਾਬ ਲਈ ਐਲਾਨ ਕਰੇ ਤਾਂ ਕਿ ਪੰਜਾਬ ਵਾਸੀਆਂ ਨੂੰ ਰਾਹਤ ਦਿੱਤੀ ਜਾ ਸਕੇ ਅਤੇ ਪੰਜਾਬੀਆਂ ਨੂੰ ਬੇਗਾਨਗੀ ਦਾ ਅਹਿਸਾਸ ਨਾ ਹੋਵੇ । ਉਹਨਾਂ ਆਖਿਆ ਕਿ ਪੰਜਾਬ ਸਰਕਾਰ ਵੀ ਆਪਣੇ ਰਾਹਤ ਕਾਰਜਾਂ 'ਚ ਤੇਜ਼ੀ ਲਿਆਵੇ ਤਾਂ ਕਿ ਵੱਧ ਤੋਂ ਵੱਧ ਜਾਨਾਂ ਬਚਾਈਆਂ ਜਾ ਸਕਣ । ਸੰਤ ਜਗੇੜਾ ਨੇ ਆਖਿਆ ਕਿ ਸੰਤ ਸਮਾਜ ਵੀ ਇਸ ਉਜਾੜੇ ਵਿੱਚ ਵੱਧ ਤੋਂ ਵੱਧ ਸਹਾਇਤਾ ਪ੍ਰਦਾਨ ਕਰੇਗਾ ਅਤੇ ਜਲਦ ਹੀ ਉਹ ਅਤੇ ਸੰਤ ਸਮਾਜ ਦੇ ਮੈਂਬਰ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨਗੇ । ਉਹਨਾਂ ਆਖਿਆ ਕਿ ਇਸ ਵਕਤ ਹਰ ਰਾਜਨੀਤਕ ਪਾਰਟੀ ਨੂੰ ਰਾਜਨੀਤੀ ਖੇਡੇ ਬਿਨਾਂ ਪੰਜਾਬੀਆਂ ਦੀ ਮਦਦ ਕਰਨੀ ਚਾਹੀਦੀ ਹੈ। ਉਹਨਾਂ ਸਮੁੱਚੇ ਪੰਜਾਬੀਆਂ, ਦਾਨੀ ਸੱਜਣਾਂ ਅਤੇ ਐਨ ਆਰ ਆਈ ਸੱਜਣਾਂ ਨੂੰ ਅਪੀਲ ਕੀਤੀ ਕਿ ਦਿਲ ਖੋਲ੍ਹ ਕੇ ਪੰਜਾਬ ਲਈ ਆਪਣਾ ਯੋਗਦਾਨ ਪਾਉਣ ਤਾਂ ਕਿ ਪੰਜਾਬ ਨੂੰ ਇਸ ਤ੍ਰਾਸਦੀ 'ਚੋਂ ਕੱਢਿਆ ਜਾ ਸਕੇ ।

# ਇੰਪੀਰੀਅਲ ਬੁੱਲਜ਼ ਨੇ ਅੰਮ੍ਰਿਤਸਰ ਵਿੱਚ ਆਪਣੀ 7ਵੀਂ ਸ਼ਾਖਾ ਖੋਲ੍ਹੀ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਇੰਪੀਰੀਅਲ ਬੁੱਲਜ਼ ਨੇ ਅੰਮ੍ਰਿਤਸਰ ਵਿੱਚ ਇੱਕ ਬੇਮਿਸਾਲ ਸ਼ੁਰੂਆਤ ਕੀਤੀ ਹੈ।

ਇੱਕ ਦਿਲਚਸਪ ਦੁਨੀਆਂ ਵਿੱਚ ਗਿਆਨ ਅਤੇ ਹੁਨਰ ਲੋਕਾਂ ਨੂੰ ਸਸ਼ਕਤ ਬਣਾਉਣ ਲਈ ਇਹ ਅਤਿ-ਆਧੁਨਿਕ ਨੂੰ ਸਮਰਪਿਤ ਸੰਸਥਾ ਹੈ । ਆਪਣੀ ਸੱਤਵੀਂ ਸ਼ਾਖਾ ਇੰਪੀਰੀਅਲ ਬੁੱਲਜ਼ ਦੇ ਨਾਮ 'ਤੇ ਬੀ ਬਲਾਕ, ਸੈਕਿੰਡ ਫਲੋਰ , ਰਣਜੀਤ ਐਵਨਿਊ ਅੰਮ੍ਰਿਤਸਰ ਵਿੱਚ ਸ਼ੁਰੂ ਕੀਤੀ ਗਈ। ਸੰਸਥਾ ਦੇ ਮੁਖੀ ਓਮ ਸਿੰਘ ਨੇ ਦੱਸਿਆ ਕਿ ਪਹਿਲਾਂ ਲੁਧਿਆਣਾ ਮਾਡਲ ਟਾਊਨ, ਚੰਡੀਗੜ੍ਹ ਰੋਡ, ਸਾਹਨੇਵਾਲ, ਜਲੰਧਰ ਮੋਹਾਲੀ, ਪਟਿਆਲਾ ਦੀ ਸਫਲਤਾ ਤੋਂ ਬਾਅਦ, ਅੰਮ੍ਰਿਤਸਰ ਸਥਿਤ ਇੰਪੀਰੀਅਲ ਬੁੱਲਜ਼ ਇੰਸਟੀਚਿਊਟ ਦੀ ਸੱਤਵੀਂ ਸ਼ਾਖਾ ਦਾ ਅੱਜ ਉਦਘਾਟਨ ਕੀਤਾ ਗਿਆ ਜੋ ਕਿ ਸਟਾਕ ਮਾਰਕੀਟ ਅਤੇ ਗਲੋਬਲ ਵਿਦੇਸ਼ੀਮੁਦਰਾ ਦੋਵਾਂ ਬਾਜ਼ਾਰਾਂ 'ਤੇ ਤਿੱਖਾ ਧਿਆਨ ਦੇ ਉੱਭਰ ਰਹੇ ਨਿਵੇਸ਼ਕ ਭਾਈਚਾਰੇ ਵਿੱਚ ਇੱਛਾ ਅਤੇ ਮੁਹਾਰਤ ਦੇ ਵਿਚਕਾਰ ਪਾੜੇ ਨੂੰ ਪੂਰਾ ਕਰਨ ਦਾ ਵਾਅਦਾ ਕਰਦਾ ਹੈ । ਤੁਹਾਡੀ ਉੱਦਮੀ ਭਾਵਨਾ ਇਸ ਸ਼ਹਿਰ ਵਿੱਚ, ਜਿਸ ਲਈ ਜਾਣਿਆ ਜਾਂਦਾ ਹੈ, ਇਸਦੇ ਵਿਆਪਕ ਪਾਠਕ੍ਰਮ ਦੇ ਨਾਲ ਦਾ ਅਰਥ ਹੈ ਬੇਸਿਕ ਇਨ ਬਿਜ਼ਨਸ ਐਡਵਾਂਸ ਲੈਵਲ ਤੋਂ ਲੈ ਕੇ ਕੋਰਸਾਂ ਦੀ ਪੇਸ਼ਕਸ਼ ਬਿਲਕੁਲ ਸ਼ੁਰੂਆਤ ਕਰਨ ਵਾਲਿਆਂ ਲਈ ਇਹ ਕਰਨ ਨਾਲ, ਜੋ ਮਾਰਕੀਟ ਡਾਇਨਾਮਿਕਸ ਦੇ ਬੁਨਿਆਦੀ ਸਿਧਾਂਤ ਇਹ ਉਨ੍ਹਾਂ ਲੋਕਾਂ ਲਈ ਬਹੁਤ ਫਾਇਦੇਮੰਦ ਸਾਬਤ ਹੋਵੇਗਾ ਜੋ ਸਿਧਾਂਤਾਂ ਨੂੰ ਸਮਝਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰ ਨੌਜਵਾਨ ਇਸ ਸੰਸਥਾ ਵਿੱਚ ਦਾਖ਼ਲਾ ਲੈ ਕੇ ਅਤੇ ਵਪਾਰ ਦੀ ਸਿਖਲਾਈ ਲੈ ਕੇ ਰੁਜ਼ਗਾਰ ਪ੍ਰਾਪਤ ਕਰ ਸਕਦੇ ਹਨ।

# ਮੁੱਖ ਮੰਤਰੀ ਵੱਲੋਂ ਕਿਸ਼ਤੀ ਰਾਹੀਂ ਫਿਰੋਜ਼ਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ

**ਫਿਰੋਜ਼ਪੁਰ।** ਹੜ੍ਹਾਂ ਕਾਰਨ ਹੋਏ ਨੁਕਸਾਨ ਲਈ ਲੋਕਾਂ ਨੂੰ ਨਿਗੂਣਾ ਮੁਆਵਜ਼ਾ ਦੇਣ ਉੱਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਮੁਆਵਜ਼ੇ ਲਈ ਮਾਪਦੰਡਾਂ ਵਿੱਚ ਸੋਧ ਕੀਤੀ ਜਾਵੇ। ਜ਼ਮੀਨੀ ਹਾਲਾਤ ਦਾ ਜਾਇਜ਼ਾ ਲੈਣ ਲਈ ਕਿਸ਼ਤੀ ਵਿੱਚ ਫ਼ਿਰੋਜ਼ਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਸੂਬਾਈ ਆਫ਼ਤ ਰਾਹਤ ਫੰਡ (ਐਸ.ਡੀ.ਆਰ.ਐਫ.) ਵਿੱਚ ਕਾਫ਼ੀ ਫੰਡ ਮੌਜੂਦ ਹਨ ਪਰ ਗ੍ਰਹਿ ਮੰਤਰਾਲੇ ਦੇ ਦਿਸ਼ਾ-ਨਿਰਦੇਸ਼ ਅਧੀਨ ਮੌਜੂਦਾ ਮਾਪਦੰਡ ਕਿਸਾਨਾਂ, ਪਸ਼ੂ ਪਾਲਕਾਂ ਤੇ ਹੋਰ ਵਰਗਾਂ ਨੂੰ ਹੋਏ ਨੁਕਸਾਨ ਲਈ ਢੁਕਵਾਂ ਮੁਆਵਜ਼ਾ ਦੇਣ ਲਈ ਨਾਕਾਫ਼ੀ ਹਨ। ਉਨ੍ਹਾਂ ਕਿਹਾ ਕਿ ਨੋਟੀਫਾਇਡ ਸ਼ਰਤਾਂ ਕਿਸਾਨਾਂ ਦੇ ਅਸਲ ਨੁਕਸਾਨ ਦੇ ਮੁਕਾਬਲੇ ਪ੍ਰਸੰਗਿਕ ਨਹੀਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਫ਼ਸਲਾਂ ਪਾਲਣ ਲਈ ਕਿਸਾਨਾਂ ਦੀ



ਵਧੀ ਲਾਗਤ ਦੇ ਮੁਕਾਬਲੇ ਕਿਸਾਨਾਂ ਨੂੰ ਇਸ ਕੁਦਰਤੀ ਆਫ਼ਤ ਕਾਰਨ ਹੋਏ ਨੁਕਸਾਨ ਲਈ ਪ੍ਰਤੀ ਏਕੜ ਮੁਆਵਜ਼ਾ ਬਹੁਤ ਘੱਟ ਹੈ। ਪਿੰਡ ਗਟੀ ਰਾਜੋ ਕੀ ਵਿੱਚ ਅਧਿਕਾਰੀਆਂ ਨਾਲ ਕਿਸ਼ਤੀ ਰਾਹੀਂ ਹਾਲਾਤ ਦਾ ਜਾਇਜ਼ਾ ਲੈਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹਾਂ ਕਾਰਨ ਪੱਕਣ ਕੰਢੇ ਪੁੱਜੀਆਂ ਫ਼ਸਲਾਂ ਦਾ ਬਹੁਤ ਵੱਡਾ ਨੁਕ-ਸਾਨ ਹੋਇਆ ਹੈ ਅਤੇ ਕਿਸਾਨਾਂ ਨੂੰ ਘੱਟੋ-ਘੱਟ 50 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਮਿਲਣਾ ਚਾਹੀਦਾ ਹੈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬੰਗਾ ਦੀ ਮੀਟਿੰਗ ਡਾ ਅੰਮ੍ਰਿਤ ਲਾਲ ਫਰਾਲਾ ਦੀ ਪ੍ਰਧਾਨਗੀ ਹੇਠ ਹੋਈ





**ਬੰਗਾ (ਚਰਨਜੀਤ ਸ'ੱਲ੍ਹਾਂ )** ਮੈਡੀਕਲ ਪ੍ਰਕਟੀਸਨਰ ਬਲਾਕ ਬੰਗਾ ਦੀ ਮੀਟਿੰਗ ਪ੍ਰਧਾਨ ਡਾ ਅਮ੍ਰਿ ਪਾਲ ਰਾਣਾ ਜੀ ਦੀ ਪ੍ਰਧਾਨਗੀ ਵਿੱਚ ਬੰਗਾ ਵਿਖੇ ਹੋਈ ਅੱਜ ਦੀ ਮੀਟਿੰਗ ਵਿੱਚ ਜਿਲ੍ਹਾ ਪ੍ਰਧਾਨ ਡਾ ਬਲਕਾਰ ਕਟਾਰੀਆ ਜੀ ਵਿਸੇਸ ਤੋਰ ਤੇ ਹਾਜਰ ਹੋਏ ਜੀ ਅੱਜ ਦੀ ਮੀਟਿੰਗ ਵਿੱਚ ਵੱਖ ਵੱਖ ਵਿਚਾਰ ਵਿਟਾਦਰਾ ਕੀਤਾ ਗਿਆ ਅੱਜ ਦੀ ਮੀਟਿੰਗ ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕੀਤੀ ਗਈ ਤੇ ਉਹਨਾਂ ਦੀਆ ਸਿਖਿਆਵਾ ਤੇ ਚੱਲਣ ਦਾ ਪ੍ਰਾਣ ਕੀਤਾ ਗਿਆ, ਪੰਜਾਬ ਵਿੱਚ ਆਏ ਕੁਦਰਤੀ ਹੜਾ ਤੇ ਹੋਏ ਨੁਕਸਾਨ ਦਾ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਤੇ ਆਪਣੀ ਜੱਥੇਬੰਦੀ ਵਲੋਂ ਹੜ੍ਹ ਪੀੜਤਾ ਲਈ ਲਾਏ ਜਾ ਰਹੇ ਲਗਾਤਾਰ ਮੈਡੀਕਲ ਕੈਂਪਾ ਦੀ ਸਲਾਘਾ ਕੀਤੀ ਗਈ ਅੱਜ ਦੀ ਮੀਟਿੰਗ ਵਿੱਚ ਸਮੂਹ ਮੈਬਰਾ ਨੂੰ ਜੱਥੇਬੰਦੀ ਦੇ ਸਾਰਟੀਫਿਕੇਟ, ਆਈ ਕਾਰਡ ਤੇ ਕਲੀਨਿਕ ਦੇ ਫਲੈਕਸ ਬੋਰਡ ਵੰਡੇ ਗਏ ਤੇ ਅੱਜ ਦੀ ਮੀਟਿੰਗ ਵਿੱਚ ਜਿਲ੍ਹਾ ਪ੍ਰਧਾਨ ਡਾ ਬਲਾਕ ਕਟਾਰੀਆ, ਬਲਾਕ ਪ੍ਰਧਾਨ ਡਾ ਅਮ੍ਰਿ ਲਾਲ ਰਾਣਾ ਡਾ ਸੀਤਾ ਰਾਮ ਡਾ ਲੇਖ ਰਾਜ ਡਾ ਧਰਮ ਪਾਲ ਬੱਗਾ ਡਾ ਅਸ਼ੋਕ ਗਾਬਾ ਡਾ ਕਲਵਿਦਰ ਸਿੰਘ ਡਾ ਸਿੰਦਰ ਪਾਲ ਹੀਰਾ ਡਾ ਚਰਨਜੀਤ ਸਿੰਘ ਡਾ ਸੁਧੀਰ ਕੁਮਾਰ ਡਾ ਰਣਜੀਤ ਸਿੰਘ ਡਾ ਗੁਰਨਾਮ ਸਿੰਘ ਡਾ ਹਰਦੀਪ ਸਿੰਘ ਡਾ ਮੱਖਣ ਲਾਲ ਡਾ ਪ੍ਰਿੰਸ ਅਰੋੜਾ ਡਾ ਗੁਰਮੇਲ ਲਾਲ ਡਾ ਗੀਤਾ ਸਾਥੀ ਹਾਜਰ ਹੋਏ।

# ਜ਼ਮੀਨ ਖਿਸਕਣ ਕਾਰਨ ਬੰਦ ਪਈ ਹੁਸ਼ਿਆਰਪੁਰ-ਊਨਾ ਸੜਕ 'ਤੇ ਵਿਧਾਇਕ ਜਿੰਪਾ ਦੀ ਤੁਰੰਤ ਕਾਰਵਾਈ, ਆਵਾਜਾਈ ਬਹਾਲ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰੀ ਬਾਰਿਸ਼ ਕਾਰਨ ਹੁਸ਼ਿਆਰਪੁਰ-ਊਨਾ ਸੜਕ 'ਤੇ ਪਿੰਡ ਚੱਕ ਸਾਧੂ ਨੇੜੇ ਅਚਾਨਕ ਜ਼ਮੀਨ ਖਿਸਕਣ ਕਾਰਨ ਸੜਕ ਪੂਰੀ ਤਰ੍ਹਾਂ ਬੰਦ ਹੋ ਗਈ। ਸੂਚਨਾ ਮਿਲਦੇ ਹੀ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਮੌਕੇ 'ਤੇ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਤੁਰੰਤ ਕਾਰਵਾਈ ਕਰਦੇ ਹੋਏ ਉਨ੍ਹਾਂ ਨੇ ਸਿਵਲ ਡਿਫੈਂਸ ਟੀਮ ਅਤੇ ਸਥਾਨਕ ਸਮਾਜ ਸੇਵਕਾਂ ਦੀ ਮਦਦ ਨਾਲ ਸੜਕ ਨੂੰ ਸਾਫ਼ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਲਗਾਤਾਰ ਕੋਸ਼ਿਸ਼ਾਂ ਤੋਂ ਬਾਅਦ ਸੜਕ ਤੋਂ ਮਲਬਾ ਹਟਾ ਕੇ ਆਵਾਜਾਈ ਬਹਾਲ ਕੀਤੀ ਗਈ। ਇਸ ਦੌਰਾਨ ਵਿਧਾਇਕ ਜਿੰਪਾ ਨੇ ਖ਼ੁਦ ਸਾਰੀ ਪ੍ਰਕਿਰਿਆ ਦੀ ਨਿਗਰਾਨੀ ਕੀਤੀ ਅਤੇ ਅਧਿਕਾਰੀਆਂ ਅਤੇ ਵਲੰਟੀਅਰਾਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜਨਤਕ ਹਿੱਤ ਦੇ ਅਜਿਹੇ ਕੰਮਾਂ ਵਿੱਚ ਪ੍ਰਸ਼ਾਸਨ ਅਤੇ ਸਮਾਜ ਦਾ ਸਾਂਝਾ ਸਹਿਯੋਗ ਅਸਲ ਹੱਲ ਦਾ ਆਧਾਰ ਬਣਦਾ ਹੈ। ਵਿਧਾਇਕ ਨੇ ਲੋਕਾਂ ਨੂੰ ਇਸ ਰਸਤੇ ਦੀ ਸਾਵਧਾਨੀ ਨਾਲ ਵਰਤੋਂ ਕਰਨ ਅਤੇ ਬੇਲੋੜੀ ਯਾਤਰਾ ਕਰਨ ਤੋਂ ਬਚਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਹਿਮਾਚਲ ਪ੍ਰਦੇਸ਼ ਦੀ ਸਰਹੱਦ 'ਤੇ ਪਿੰਡ ਪੰਡੋਗਾ ਨੇੜੇ ਜ਼ਮੀਨ ਖਿਸਕਣ ਕਾਰਨ ਸੜਕ ਵੀ ਪ੍ਰਭਾਵਿਤ ਹੋਈ ਹੈ, ਜਿਸ ਕਾਰਨ ਲੋਕਾਂ ਨੂੰ ਸੁਚੇਤ ਰਹਿਣਾ ਚਾਹੀਦਾ ਹੈ।



# ਪੰਜਾਬੀ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਨੇ ਐਨ.ਆਰ.ਆਈਜ ਨੂੰ ਵਧ ਚੜ ਕੇ ਹੜ੍ਹ ਪੀੜਤਾਂ ਦੀ ਮਦਦ ਕਰਨ ਦੀ ਕੀਤੀ ਭਾਵੁਕ ਅਪੀਲ

## *ਵੱਖ ਵੱਖ ਦੇਸ਼ਾਂ ਚ ਵੱਸਦੇ ਪੰਜਾਬੀ ਹਮੇਸ਼ਾ ਦੀ ਤਰ੍ਹਾਂ ਇਸ ਵਾਰ ਵੀ ਹੜ੍ਹ ਪੀੜਤਾਂ ਦੇ ਨਾਲ ਖੜੇ ਹਨ -ਗੋਲਡਨ ਸਟਾਰ ਮਲਕੀਤ ਸਿੰਘ



**ਲੈਸਟਰ (ਇੰਗਲੈਂਡ), ( ਸੁਖਜਿੰਦਰ ਸਿੰਘ ਢੱਡੇ)-** ਪ੍ਰਸਿੱਧ ਪੰਜਾਬੀ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਨੇ ਵੱਖ-ਵੱਖ ਦੇਸ਼ਾਂ ਚ ਵੱਸਦੇ ਐਨ.ਆਰ.ਆਈਜ ਨੂੰ ਭਾਵੁਕ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਸ ਵੇਲੇ ਆਪਣੇ ਵਤਨ ਪੰਜਾਬ ਦੇ ਨਾਲ ਖੜਨਾ ਚਾਹੀਦਾ ਹੈ, ਗਾਇਕ ਮਲਕੀਤ ਸਿੰਘ ਨੇ ਇੱਕ ਵੀਡੀਓ ਰਾਹੀਂ ਅਪੀਲ ਕਰਦਿਆਂ
ਕਿਹਾ ਕਿ ਹੜ ਪ੍ਰਭਾਵਿਤ ਲੋਕਾਂ ਦੀ ਐਨ.ਆਰ.ਆਈਜ ਨੂੰ ਇਸ ਵੇਲੇ ਬੇਹੱਦ ਚਿੰਤਾ ਹੈ,ਅਤੇ ਉਹ ਉਹਨਾਂ ਦੀ ਮਦਦ ਲਈ ਹਰੇਕ ਤਰ੍ਹਾਂ ਦਾ ਯਤਨ ਕਰਨ ਦੀ ਤਿਆਰ ਹਨ ।ਗੋਲਡਨ ਸਟਾਰ ਕਾਇਕ ਮਲਕੀਤ ਸਿੰਘ ਨੇ ਕਿਹਾ ਕਿ ਵਿਦੇਸ਼ਾਂ ਚ ਵਸਦੇ ਪੰਜਾਬੀ ਹਮੇਸ਼ਾ ਹੀ ਆਪਣੇ ਵਤਨ ਪੰਜਾਬ ਨਾਲ ਬਹੁਤ ਮੋਹ ਕਰਦੇ ਹਨ ਅਤੇ ਜਦ ਵੀ ਪੰਜਾਬ ਤੋਂ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਬੁਰੀ ਖਬਰ ਆਉਂਦੀ ਹੈ ਤਾਂ ਉਹ ਉਹਨਾਂ ਆਫਤਾਂ ਤੋਂ ਪੰਜਾਬ ਨੂੰ ਬਚਾਉਣ ਲਈ ਹਰੇਕ ਤਰ੍ਹਾਂ ਦੀ ਮਦਦ ਕਰਨ ਲਈ ਤਿਆਰ ਰਹਿੰਦੇ ਹਨ। ਗੋਲਡਨ ਸਟਾਰ ਮਲਕੀਤ ਸਿੰਘ ਨੇ ਦੂਸਰੇ ਸੂਬਿਆਂ ਤੇ ਲੋਕਾ ਅਤੇ ਆਗੂਆਂ ਤੇ ਗਿਲਾ ਕਰਦਿਆਂ ਕਿਹਾ ਕਿ ਹਮੇਸ਼ਾ ਹੀ ਜਦ ਵੀ ਕਿਸੇ ਨਾ ਕਿਸੇ ਸੂਬੇ ਚ ਕੋਈ ਆਫਤ ਆਉਂਦੀ ਹੈ ਤਾਂ ਪੰਜਾਬੀ ਹਮੇਸ਼ਾ ਹੀ ਵੱਧ ਚੜ ਕੇ ਉਸ ਜਗ੍ਹਾ ਜਾ ਕੇ ਲੰਗਰ ਲਗਾਉਂਦੇ ਹਨ ਅਤੇ ਪੀੜਤ ਪਰਿਵਾਰਾਂ ਦੀ ਸਾਰ ਲੈਂਦੇ ਹਨ, ਪ੍ਰੰਤੂ ਜਦ ਹੁਣ ਪੰਜਾਬ ਵਿੱਚ ਹੜਾਂ ਦੇ ਪ੍ਰਕੋਪ ਕਾਰਨ ਕਈ ਘਰ ਢੈਹ ਢੇਰੀ ਹੋ ਚੁੱਕੇ ਹਨ, ਲੋਕ ਬੇਘਰ ਹੋ ਚੁੱਕੇ ਹਨ, ਫਸਲਾਂ ਮਾਰੀਆਂ ਗਈਆਂ ਹਨ, ਡੰਗਰ ਮਰ ਚੁੱਕੇ ਹਨ। ਪਰੰਤੂ ਇਹਨਾਂ ਹਾਲਾਤਾਂ ਚ ਕੋਈ ਵੀ ਬਾਹਰਲੇ ਸੂਬੇ ਦਾ ਵਿਅਕਤੀ ਜਾਂ ਆਗੂ ਪੰਜਾਬ ਵਿੱਚ ਹੜ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ ਲਈ ਨਹੀਂ ਬਹੁੜਿਆ। ਗਾਇਕ ਮਲਕੀਤ ਸਿੰਘ ਨੇ ਕਿਹਾ ਕਿ ਪੰਜਾਬੀਆਂ ਨੂੰ ਹਮੇਸ਼ਾ ਹੀ ਪਰਮਾਤਮਾ ਦਾ ਆਸਰਾ ਰਿਹਾ ਹੈ ਤੇ ਇਸ ਵਾਰ ਵੀ ਪਰਮਾਤਮਾ ਕਿਰਪਾ ਕਰੇਗਾ ਕੁਝ ਸਮੇਂ ਬਾਅਦ ਮੁੜ ਪੰਜਾਬ ਦੇ ਹੜ ਪੀੜਤ ਇਲਾਕੇ ਚ ਹਰਿਆਲੀ ਹੋਵੇਗੀ ਹਾਲਾਤ ਆਮ ਵਰਗੇ ਹੋਣਗੇ । ਉਹਨਾਂ ਨੇ ਪੰਜਾਬ ਦੇ ਸਿਆਸੀ ਆਗੂਆਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਇਸ ਵੇਲੇ ਪਾਰਟੀ ਬਾਜੀਆਂ ਤੋਂ ਉੱਪਰ ਉੱਠ ਕੇ ਇੱਕਜੁੱਟ ਹੋ ਕੇ ਹੜ ਪੀੜਤ ਲੋਕਾਂ ਦੀ ਮਦਦ ਕਰਨ ਲਈ ਉਹ ਅੱਗੇ ਆਉਣ। ਗਾਇਕ ਮਲਕੀਤ ਸਿੰਘ ਨੇ ਕਿਹਾ ਹੈ ਕਿ ਵਿਦੇਸ਼ਾਂ ਚ ਵੱਸਦੇ ਐਨ.ਆਰ.ਆਈ ਹੜ ਪ੍ਰਭਾਵਿਤ ਲੋਕਾਂ ਦੀ ਹਰੇਕ ਤਰ੍ਹਾਂ ਦੀ ਮਦਦ ਕਰਨ ਲਈ ਬਿਲਕੁਲ ਤਿਆਰ ਹਨ।

# ਕਈ ਦਿਨਾਂ ਤੋਂ ਪੈ ਰਹੇ ਮੋਹਲੇਧਾਰ ਮੀਂਹ ਦੇ ਕਾਰਣ ਘਰ ਦੀ ਛੱਤ ਡਿੱਗੀ

## ●ਘਰੈਲੂ ਸਮਾਨ ਦਾ ਵੀ ਹੋਇਆ ਭਾਰੀ ਨੁਕਸਾਨ●ਪੀੜਤਾਂ ਨੂੰ ਦਿੱਤਾ ਜਾਵੇ ਯੋਗ ਮੁਆਵਾਜ਼ਾ-ਸਰਪੰਚ ਐਡਵੋਕੇਟ ਕ੍ਰਿਪਾਲ ਸਿੰਘ ਪਾਲੀ

**ਫਿਲੌਰ/ਅੱਪਰਾ (ਦੀਪਾ)-**ਬੀਤੇ ਕਈ ਦਿਨਾਂ ਤੋਂ ਪੈ ਰਹੇ ਮੋਹਲੇਧਾਰ ਮੀਂਹ ਦੇ ਕਾਰਣ ਕਰੀਬੀ ਪਿੰਡ ਛੋਕਰਾਂ ਵਿਖੇ ਇੱਕ ਘਰ ਦੀ ਛੱਤ ਡਿੱਗ ਪਈ । ਜਿਸ ਕਾਰਣ ਅੰਦਰ ਪਏ ਸਮਾਨ ਦਾ ਵੀ ਬਾਰੀ ਨੁਕਸਾਨ ਹੋ ਗਿਆ । ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਪੀੜਿਤ ਹਰਜਿੰਦਰ ਕੁਮਾਰ ਤੇ ਸਰਪੰਚ ਐਡਵੋਕੇਟ ਕ੍ਰਿਪਾਲ ਸਿੰਘ ਪਾਲੀ ਨੇ ਦੱਸਿਆ ਕਿ ਕਈ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਦੇ ਕਾਰਣ ਹਰਜਿੰਦਰ ਕੁਮਾਰ ਦੇ ਮਕਾਨ ਦੀ ਛੱਤ ਡਿੱਗ ਪਈ । ਸਰਪੰਚ ਐਡਵੋਕੇਟ ਕ੍ਰਿਪਾਲ ਸਿੰਘ ਪਾਲੀ ਨੇ ਕਿਹਾ ਕਿ ਹੜਾਂ ਦੀ ਇਸ ਆਫਤ ਦੌਰਾਨ ਆਮ ਲੋਕ



ਨਰਕ ਭਰੀ ਜਿੰਦਗੀ ਜਿਊਣ ਲਈ ਮਜਬੂਰ ਹੋ ਚੁੱਕੇ ਹਨ ਤੇ ਉਨਾਂ ਦੇ ਸਿਰਾਂ 'ਤੇ ਛੱਤਾਂ ਵੀ ਨਹੀਂ ਬਚੀਆਂ । ਉਨਾਂ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਹੜ ਪ੍ਰਭਾਵਿਤ ਲੋਕਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ ਤਾਂ ਕਿ ਉਹ ਮੁੜ ਆਪਣੇ ਪੈਰਾਂ 'ਤੇ ਖੜੇ ਹੋ ਸਕਣ ।

# ਡਿਪਟੀ ਕਮਿਸ਼ਨਰ ਵਲੋਂ ਤਲਵੰਡੀ ਸੀਬੂ, ਤਾਜੋਵਾਲ ਅਤੇ ਪੰਦਰਾਵਲ ਵਿਖੇ ਧੁੱਸੀ ਬੰਨ੍ਹ ਦਾ ਦੌਰਾ

## ਕਿਹਾ ਪਾਣੀ ਦਾ ਪੱਧਰ ਵਧਿਆ, ਸਥਿਤੀ ਕਾਬੂ ਹੇਠ, ਪ੍ਰਸ਼ਾਸਨਿਕ ਟੀਮਾਂ ਲਗਾਤਾਰ ਕਾਰਜਸ਼ੀਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਅੱਜ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਧੁੱਸੀ ਬੰਨ੍ਹ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਣ ਲਈ ਤਲਵੰਡੀ ਸੀਬੂ, ਤਾਜੋਵਾਲ ਅਤੇ ਪੰਦਰਾਵਲ, ਬੁਰਜ ਟਹਿਲ ਦਾਸ ਦਾ ਦੌਰਾ ਕਰਦਿਆਂ ਕਿਹਾ ਕਿ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਪਹਿਲਾਂ ਨਾਲੋਂ ਵਧਿਆ ਹੈ ਪਰ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਵਿੱਚ ਹੈ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਮੌਕੇ ‘ਤੇ ਪਿੰਡਾਂ ਦੇ ਵਸਨੀਕਾਂ ਅਤੇ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਵੇਂ ਪਾਣੀ ਦਾ ਪੱਧਰ ਵਧਿਆ ਹੈ ਪਰ ਮੌਜੂਦਾ ਸਮੇਂ ਕਿਸੇ ਵੀ ਪਾਸਿਓਂ ਘਬਰਾਉਣ ਦੀ ਜ਼ਰੂਰਤ ਨਹੀਂ ਕਿਉਂਕਿ ਪ੍ਰਸ਼ਾਸਨਿਕ ਟੀਮਾਂ ਵੱਖੋ-ਵੱਖ ਥਾਵਾਂ ‘ਤੇ ਲਗਾਤਾਰ ਕਾਰਜਸ਼ੀਲ ਹਨ। ਉਨ੍ਹਾਂ ਕਿਹਾ ਕਿ ਤਲਵੰਡੀ ਸੀਬੂ ਵਿਖੇ ਬੰਨ੍ਹ ਦੀ ਮਜ਼ਬੂਤੀ ਕੀਤੀ ਗਈ ਹੈ ਤਾਂ ਜੋ ਹੜ੍ਹ ਦੀ ਸਥਿਤੀ ਨਾਲ ਸੁਚੱਜੇ ਢੰਗ ਨਾਲ ਨਜਿੱਠਿਆ ਜਾ ਸਕੇ। ਇਸੇ ਤਰ੍ਹਾਂ ਪਿੰਡ ਤਾਜੋਵਾਲ ਵਿਖੇ ਸਥਾਨਿਕ ਲੋਕਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਪਾਣੀ ਦੇ ਵਧੇ ਪੱਧਰ ਦੇ ਮੱਦੇਨਜ਼ਰ ਲਗਾਤਾਰ ਚੌਕਸ ਰਹਿਣ ਦੇ ਨਿਰਦੇਸ਼ ਦਿੱਤੇ। ਪੰਦਰਾਵਲ ਵਿਖੇ ਬੰਨ੍ਹ ਦੀ ਹੋਰ ਮਜ਼ਬੂਤੀ ਦੇ ਚੱਲ ਰਹੇ ਕਾਰਜਾਂ ਦੀ ਸਮੀਖਿਆ ਕਰਦਿਆਂ ਡਿਪਟੀ



ਕਮਿਸ਼ਨਰ ਨੇ ਲੋਕਾਂ ਨੂੰ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਹਰ ਸਮੇਂ ਉਨ੍ਹਾਂ ਦੀ ਮਦਦ ਲਈ ਤਿਆਰ-ਬਰ-ਤਿਆਰ ਹੈ। ਸਤਲੁਜ ਦਰਿਆ ‘ਚ ਪਾਣੀ ਦੇ ਵਧੇ ਪੱਧਰ ਬਾਰੇ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਿਛਲੇ ਦਿਨੀਂ ਪਾਣੀ ਦਾ ਪੱਧਰ 40-45 ਹਜ਼ਾਰ ਕਿਊਸਿਕ ਸੀ ਜੋ ਗੁਆਂਢੀ ਸੂਬੇ ਅਤੇ ਇਥੇ ਹੋ ਰਹੀ ਲਗਾਤਾਰ ਭਾਰੀ ਬਰਸਾਤ ਕਾਰਨ 90 ਹਜ਼ਾਰ ਕਿਊਸਿਕ ਤੋਂ ਟੱਪ ਚੁੱਕਾ ਹੈ। ਉਨ੍ਹਾਂ ਕਿਹਾ ਕਿ ਜਿੱਥੇ-ਜਿੱਥੇ ਬੰਨ੍ਹ ਨੂੰ ਮਜ਼ਬੂਤੀ ਦੀ ਜ਼ਰੂਰਤ ਹੈ ਸਬੰਧਤ ਵਿਭਾਗਾਂ ਦੇ ਅਧਿਕਾਰੀ ਲਗਾਤਾਰ ਕੰਮ ਕਰ ਰਹੇ ਹਨ ਅਤੇ ਜੇ.ਸੀ.ਬੀ. ਮਸ਼ੀਨਾਂ ਦੇ ਨਾਲ-ਨਾਲ ਮਿੱਟੀ ਅਤੇ ਰੇਤਾ ਬੋਰਿਆਂ ਨਾਲ ਬੰਨ੍ਹ ਨੂੰ ਹੋਰ ਮਜਬੂਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਥਾਂ ‘ਤੇ ਹੜ੍ਹ ਦੀ ਸਥਿਤੀ ਦਾ ਖਦਸ਼ਾ ਜਾਹਰ ਹੁੰਦਾ ਹੈ ਤਾਂ ਉਹ ਤੁਰੰਤ ਪ੍ਰਸ਼ਾਸਨਿਕ ਅਧਿਕਾਰੀਆਂ ਜਾਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਾਪਿਤ 24×7 ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਦੇ ਨੰਬਰ 01823-220645 ‘ਤੇ ਸੂਚਨਾ ਦੇਣ। ਜਿਕਰਯੋਗ ਹੈ ਕਿ ਨਵਾਂਸ਼ਹਿਰ ਤਹਿਸੀਲ ਲਈ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01823-299016, ਬਲਾਚੌਰ ਵਿਖੇ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01885-220075, ਤਹਿਸੀਲ ਬੰਗਾ ਵਿਖੇ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01823-264666 ‘ਤੇ ਜਾਣਕਾਰੀ ਦਿੱਤੀ ਜਾ ਸਕਦੀ ਹੈ। ਇਸੇ ਤਰ੍ਹਾਂ ਹੜ੍ਹਾਂ ਦੀ ਸਥਿਤੀ ਵਿੱਚ ਸਿਹਤ ਵਿਭਾਗ ਨਾਲ ਸਬੰਧਤ ਸੇਵਾਵਾਂ ਲਈ 01823-227471 ਨੰਬਰ ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਐਸ.ਡੀ.ਐਮ ਕ੍ਰਿਤਿਕਾ ਗੋਇਲ ਨੇ ਕਾਠਗੜ੍ਹ ਡਰੇਨ ਦਾ ਲਿਆ ਜਾਇਜ਼ਾ, ਚੋਅ ਦੀ ਤੁਰੰਤ ਸਫ਼ਾਈ ਦੇ ਦਿੱਤੇ ਨਿਰਦੇਸ਼

## ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਤੋਂ 12 ਟਰੱਕ ਰਾਹਤ ਸਮੱਗਰੀ ਦੇ ਰਵਾਨਾ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਪਿਛਲੇ ਦਿਨਾਂ ਤੋਂ ਲਗਾਤਾਰ ਪੈ ਰਹੇ ਭਾਰੀ ਮੀਂਹ ਅਤੇ ਪਾਣੀ ਵਹਾਅ ਨਾਲ ਕਾਠਗੜ੍ਹ ਡਰੇਨ ਵਿੱਚ ਪਾਣੀ ਦੇ ਲਾਂਘੇ ‘ਚ ਪੈਦਾ ਹੋਈ ਥੋੜੀ ਰੁਕਾਵਟ ਸਬੰਧੀ ਐਸ.ਡੀ.ਐਮ ਕ੍ਰਿਤਿਕਾ ਗੋਇਲ ਨੇ ਅੱਜ ਸਬੰਧਤ ਅਧਿਕਾਰੀਆਂ ਸਮੇਤ ਮੌਕੇ ‘ਤੇ ਜਾ ਸਕੇ ਸਥਿਤੀ ਦੀ ਸਮੀਖਿਆ ਕਰਦਿਆਂ ਡਰੇਨੇਜ਼ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਚੋਅ ਵਿੱਚ ਪਿਛੋਂ ਰੁੜ ਕੇ ਆਈ ਬੂਟੀ ਆਦਿ ਨੂੰ ਤੁਰੰਤ ਹਟਾਇਆ ਜਾਵੇ ਤਾਂ ਜੋ ਪਾਣੀ ਦਾ ਪੂਰਾ ਵਹਾਅ ਚੱਲ ਸਕੇ। ਐਸ.ਡੀ.ਐਮ ਕ੍ਰਿਤਿਕਾ ਗੋਇਲ ਨੇ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਾਣੀ ਦੇ ਪੱਧਰ ਵਿੱਚ ਵਾਧੇ ਨਾਲ ਘਾਹ-ਬੂਟੀ ਨੇ ਡਰੇਨ ਦੇ ਵਹਾਅ ‘ਚ ਰੁਕ-ਾਵਟ ਪੈਦਾ ਕੀਤੀ ਸੀ ਜੋ ਕਿ ਅੱਜ ਹੱਲ ਕਰਵਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਲਗਾਤਾਰ ਧੁੱਸੀ ਬੰਨ੍ਹ ਦੇ ਆਲੇ-ਦੁਆਲੇ ਕੰਮ ਕਰ ਰਹੀਆਂ ਹਨ ਤਾਂ ਜੋ ਲੋਕਾਂ ਨੂੰ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸੇ ਦੌਰਾਨ ਐਸ.ਡੀ.ਐਮ. ਨੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ



ਕੌਰ ਸਮੇਤ ਬੇਲਾ ਤਾਜੋਵਾਲ ਅਤੇ ਔਲੀਆਪੁਰ ਵਿਖੇ ਧੁੱਸੀ ਬੰਨ੍ਹ ਦੀ ਸਥਿਤੀ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਇਸ ਔਖੀ ਘੜੀ ਵਿੱਚ ਲੋਕਾਂ ਦੇ ਮੋਢੇ ਨਾਲ ਮੋਢਾ ਲਾ ਕੇ ਕੰਮ ਕਰ ਰਿਹਾ ਹੈ ਅਤੇ ਜੇਕਰ ਉਨ੍ਹਾਂ ਨੂੰ ਸਬ ਡਿਵੀਜ਼ਨ ਵਿੱਚ ਕਿਸੇ ਵੀ ਹੰਗਾਮੀ ਹਾਲਤ ਬਾਰੇ ਜਾਣਕਾਰੀ ਹਾਸਲ ਹੁੰਦੀ ਹੈ ਤਾਂ ਉਹ ਤੁਰੰਤ ਇਸ ਬਾਰੇ ਤੁਰੰਤ ਪ੍ਰਸ਼ਾਸਨਿਕ ਅਧਿਕਾਰੀਆਂ ਜਾਂ ਬਲਾਚੌਰ ਵਿਖੇ ਸਥਾਪਿਤ ਕੰਟਰੋਲ ਰੂਮ ਦਾ ਨੰਬਰ 01885-220075 ਉੱਤੇ ਸੂਚਿਤ ਕਰਨ। ਉਨ੍ਹਾਂ ਕਿਹਾ ਕਿ ਫਿਲਹਾਲ ਕਿਸੇ ਵੀ ਕਿਸਮ ਦੀ ਕੋਈ ਖਤਰੇ ਵਾਲੀ ਗੱਲ ਨਹੀਂ ਹੈ ਪਰ ਫਿਰ ਵੀ ਸਾਰਿਆਂ ਨੂੰ ਚੌਕਸ ਰਹਿਣਾ ਚਾਹੀਦਾ ਹੈ। ਰੂਪਨਗਰ ਦੇ ਐਸ.ਐਸ.ਪੀ. ਗੁਲਨੀਤ ਸਿੰਘ ਖੁਰਾਨਾ ਅਤੇ ਐਸ.ਡੀ.ਐਮ ਕ੍ਰਿਤਿਕਾ ਗੋਇਲ ਨੇ ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਤੋਂ ਬਾਬਾ ਅਵਤਾਰ ਸਿੰਘ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਰਾਹਤ ਸਮੱਗਰੀ ਦੇ 12 ਟਰੱਕ ਰਵਾਨਾ ਕੀਤੇ ਗਏ। ਐਸ.ਡੀ.ਐਮ ਨੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਇਸ ਉਪਰਾਲੇ ਲਈ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬੀ ਇਕ-ਦੂਜੇ ਦੀ ਮਦਦ ਲਈ ਹਮੇਸ਼ਾ ਤਤਪਰ ਰਹਿੰਦੇ ਹਨ ਅਤੇ ਮੌਜੂਦਾ ਸੰਕਟ ਵਾਲੇ ਸਮੇਂ ਵਿੱਚ ਸਾਰਿਆਂ ਨੂੰ ਇਕਜੁਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਬਾਬਾ ਅਵਤਾਰ ਸਿੰਘ ਨੇ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਪਹਿਲੇ ਪੜਾਅ ਵਿੱਚ 12 ਟਰੱਕ, ਜਿਨ੍ਹਾਂ ਵਿੱਚ ਚਾਰਾ ਅਤੇ ਖਾਣ ਵਾਲੇ ਪਦਾਰਥ ਸ਼ਾਮਲ ਹਨ, ਡੇਰਾ ਬਾਬਾ ਨਾਨਕ ਅਤੇ ਰਮਦਾਸ ਵਿਖੇ ਹੜ੍ਹ ਦੀ ਮਾਰ ਹੇਠ ਆਏ ਖੇਤਰਾਂ ਲਈ ਭੇਜੇ ਜਾ ਰਹੇ ਹਨ।

# ਭਾਰੀ ਮੀਂਹ ਦੇ ਕਾਰਣ ਘਰ ਹੋਇਆ ਢਹਿ-ਢੇਰੀ, ਮਾਲਕ ਜ਼ਖ਼ਮੀ

**ਫਿਲੌਰ/ਅੱਪਰਾ (ਦੀਪਾ)**-ਬੀਤੇ ਦਿਨਾਂ ਤੋਂ ਹੀ ਹੋ ਰਹੀ ਭਾਰੀ ਬਾਰਿਸ਼ ਦੇ ਕਾਰਣ ਕਰੀਬੀ ਪਿੰਡ ਢੱਕ ਮਜਾਰਾ ਵਿਖੇ ਇੱਕ ਗਰੀਬ ਪਰਿਵਾਰ ਦਾ ਘਰ ਢਹਿ-ਢੇਰੀ ਹੋ ਗਿਆ । ਘਰ ਡਿੱਗਣ ਦੇ ਕਾਰਣ ਘਰ ਦਾ ਮਾਲਕ ਵੀ ਜਖ਼ਮੀ ਹੋ ਗਿਆ ਤੇ ਉਸਦੇ ਮਾਮੂਲੀ ਸੱਟਾਂ ਵੀ ਲੱਗੀਆਂ । ਜਿਸ ਕਾਰਣ ਗਰੀਬ ਪਰਿਵਾਰ ਦੇ ਸਿਰ 'ਤੇ ਛੱਤ ਵੀ ਨਹੀਂ ਰਹੀ । ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਸ਼ੀਤਲ



ਰਾਮ ਪੁੱਤਰ ਸ਼ਿੰਗਾਰਾ ਰਾਮ ਵਾਸੀ ਪਿੰਡ ਢੱਕ ਮਜਾਰਾ ਨੇ ਦੱਸਿਆ ਕਿ ਬੀਤੇ ਕਈ ਦਿਨਾਂ ਤੋਂ ਭਾਰੀ ਮੀਂਹ ਦੇ ਕਾਰਣ ਮੇਰਾ ਘਰ ਡਿੱਗ ਪਿਆ । ਘਰ ਦੀ ਛੱਤ ਡਿੱਗਣ ਦੇ ਕਾਰਣ ਅੰਦਰ ਪਿਆ ਘਰੈਲੂ ਸਮਾਨ ਵੀ ਬੁਰੀ ਤਰਾਂ ਨੁਕਸਾਨਿਆ ਗਿਆ । ਸ਼ੀਤਲ ਰਾਮ ਇਸ ਘਰ 'ਚ ਆਪਣੇ ਬਜ਼ੁਰਗ ਪਿਤਾ, ਪਤਨੀ ਤੇ ਦੋ ਬੱਚਿਆਂ ਦੇ ਨਾਲ ਰਹਿੰਦੇ ਹਨ ।



# ਬਾਰਿਸ਼ ਰੁਕਣ ਤੱਕ ਗੁਰੂਦੁਆਰਾ ਸਿੰਘ ਸਭਾ ਚੱਕ ਸਾਹਬੂ ਵਿਖੇ ਲੰਗਰ ਦੀ ਸੇਵਾ ਸ਼ੁਰੂ

**ਫਿਲੌਰ/ਅੱਪਰਾ (ਦੀਪਾ)**- ਐੱਨ. ਆਰ. ਆਈ ਵੀਰਾਂ ਕਰੀਬੀ ਪਿੰਡ ਚੱਕ ਸਾਹਬੂ ਵਿਖੇ ਸਥਿਤ ਗੁਰੂਦੁਆਰਾ ਸਿੰਘ ਸਭਾ ਵਿਖੇ ਬਾਰਿਸ ਰੁਕਣ ਤੱਕ ਲੰਗਰ ਦੀ ਸੇਵਾ ਸ਼ੁਰੂ ਕੀਤੀ ਗਈ ਹੈ । ਇਹ ਸੇਵਾ ਗ੍ਰਾਮ ਪੰਚਾਇਤ, ਗੁਰੂਦੁਆਰਾ ਕਮੇਟੀਆਂ ਤੇ ਸਮੂਹ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਗਈ ਹੈ । ਇਸ ਮੌਕੇ ਸਰਪੰਚ ਸ੍ਰੀਮਤੀ ਸਿਮਰਜੀਤ ਕੌਰ, ਦਲਵੀਰ



ਕੌਰ ਪੰਚ, ਕਮਲੇਸ਼ ਕੌਰ, ਕੁਲਵਿੰਦਰ ਕੌਰ, ਤੀਰਥ ਮੈਂਗੜਾ, ਤਰਸੇਮ ਲਾਲ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਬਲਕਾਰ ਸਿੰਘ ਸਹੋਤਾ, ਜੱਸੀ ਰਾਣੂੰ, ਕੇਸਰ ਸਿੰਘ, ਸੇਵਕ, ਕੁਲਦੀਪ, ਗੁਰਦੇਵ, ਅਮਰਜੀਤ, ਕੇਸਰ ਮੈਂਗੜਾ, ਕਮਲ ਕੁਮਾਰ, ਓਂਕਾਰ ਸਿੰਘ, ਅਮਰਜੀਤ ਸਿੰਘ ਸ਼ੇਰਗਿੱਲ, ਰਾਕੇਸ਼ ਕੁਮਾਰ ਬੱਬੂ, ਕਾਲਾ ਆਦਿ ਵੀ ਹਾਜ਼ਰ ਸਨ । ਸਮੂਹ ਮੋਹਤਬਰਾਂ ਨੇ ਦੱਸਿਆ ਕਿ ਕੋਈ ਵੀ ਜਰੂਰਤਮੰਦ ਵਿਅਕਤੀ ਖਾਣਾ ਖਾ ਸਕਦਾ ਤੇ ਤੇ ਲੈ ਕੇ ਵੀ ਜਾ ਸਕਦਾ ਹੈ ।

# ਲਗਾਤਾਰ ਪੈ ਰਹੇ ਮੀਂਹ ਦੇ ਕਾਰਣ ਵਿਧਵਾ ਔਰਤ ਦੇ ਘਰ ਦੀ ਛੱਤ ਨੁਕਸਾਨੀ ਗਈ

## ਘਰ ਦੀ ਛੱਤ ਦੇ 12 ਬਾਲੇ ਡਿੱਗੇ





**ਫਿਲੌਰ/ਅੱਪਰਾ (ਦੀਪਾ)**- ਬੀਤੇ ਕਈ ਦਿਨਾਂ ਤੋਂ ਪੈ ਰਹੀ ਭਾਰੀ ਬਾਰਿਸ਼ ਦੇ ਕਾਰਣ ਸਥਾਨਕ ਅੱਪਰਾ ਦੇ ਮੰਡੀ ਰੋਡ 'ਤੇ ਸਥਿਤ ਇੱਕ ਵਿਧਵਾ ਔਰਤ ਦੇ ਘਰ ਦੀ ਛੱਤ ਬੁਰੀ ਤਰਾਂ ਨੁਕਸਾਨੀ ਗਈ । ਮੀਂਹ ਦੇ ਕਾਰਣ ਘਰ ਦੀ ਛੱਤ ਦੇ 12 ਬਾਲੇ ਡਿੱਗ ਪਏ । ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਵਿਧਵਾ ਕ੍ਰਿਸ਼ਨਾ ਦੇਵੀ ਪਤਨੀ ਸਵ. ਸੁਦਾਗਰ ਰਾਮ ਨੇ ਦੱਸਿਆ ਕਿ ਬੀਤੇ ਕਈ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਦੇ ਕਾਰਣ ਉਸਦੇ ਦੋ ਕਮਰਿਆਂ ਤੇ ਵਰਾਂਡੇ ਦੀ ਛੱਤ ਦਾ ਬੁਰੀ ਤਰਾਂ ਨੁਕਸਾਨ ਹੋ ਗਿਆ । ਮੀਂਹ ਦੇ ਕਾਰਣ ਉਨਾਂ ਦੀ ਛੱਤ ਦੇ 12 ਬਾਲੇ ਡਿੱਗ ਪਏ । ਕ੍ਰਿਸ਼ਨਾ ਦੇਵੀ ਨੇ ਦੱਸਿਆ ਕਿ ਘਰ ਦੀ ਸਾਰੀ ਛੱਤ ਥਾਂ-ਥਾਂ ਤੋਂ ਚੋਅ ਰਹੀ ਹੈ ਤੇ ਕਿਸੇ ਸਮੇਂ ਵੀ ਹੋਰ ਮਾਲੀ ਨੁਕਸਾਨ ਹੋ ਸਕਦਾ ਹੈ ।

# 25 ਅਗਸਤ ਤੋਂ 08 ਸਤੰਬਰ ਤੱਕ ਮਨਾਇਆ ਜਾ ਰਿਹਾ ਹੈ ਕੌਮੀ ਅੱਖਾਂ ਦਾਨ ਪੰਦਰਵਾੜਾ:-ਡਾ. ਅਰਵਿੰਦ ਪਾਲ ਸਿੰਘ ਸਿਵਲ ਸਰਜਨ ਮਾਨਸਾ

## ਕਿਸੇ ਵੀ ਵਿਅਕਤੀ ਮੌਤ ਤੋਂ ਚਾਰ ਤੋਂ ਛੇ ਘੰਟਿਆਂ ਤੱਕ ਅੱਖਾਂ ਦਾਨ ਹੋਣੀਆਂ ਚਾਹੀਦੀਆਂ ਹਨ :-ਸਰਜਨ ਮਾਨਸਾ

**ਮਾਨਸਾ (ਸਮਾਜ ਵੀਕਲੀ)** ਸਿਹਤ ਮੰਤਰੀ ਪੰਜਾਬ ਡਾ.ਬਲਬੀਰ ਸਿੰਘ ਅਤੇ ਡਿਪਟੀ ਕਮਿਸ਼ਨਰ ਮਾਨਸਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਡਾ.ਅਰਵਿੰਦ ਪਾਲ ਸਿੰਘ ਦੀ ਅਗਵਾਈ ਵਿੱਚ ਰਾਸ਼ਟਰੀ ਅੱਖਾਂ ਦਾਨ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਇਸ ਲੜੀ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਮਾਨਸਾ ਡਾ. ਏ.ਪੀ. ਸਿੰਘ ਨੇ ਕਿਹਾ ਕਿ ਹਰ ਸਾਲ 25 ਅਗਸਤ ਤੋਂ 8 ਸਤੰਬਰ ਤੱਕ ਕੌਮੀ ਅੱਖਾਂ ਦਾਨ ਪੰਦਰਵਾੜਾ ਮਨਾਇਆ ਜਾਂਦਾ ਹੈ।ਇਸ ਦੌਰਾਨ ਕੋਰਨੀਅਲ ਅੰਨ੍ਹਾਪਣ, ਕੋਰਨੀਅਲ ਟ੍ਰਾਂਸਪਲਾਂਟ ਬਾਰੇ ਲੋਕਾਂ ਨੂੰ ਜਾਗਰੂਕ ਕਰਕੇ, ਉਨ੍ਹਾਂ ਨੂੰ ਅੱਖਾਂ ਦਾਨ ਕਰਨ ਲਈ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਕੌਮੀ ਅੱਖਾਂ ਦਾਨ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਨਾਲ ਹੀ ਉਹਨਾਂ ਨੇ ਦੱਸਿਆ ਕਿ 25 ਅਗਸਤ ਤੋਂ 8 ਸਤੰਬਰ ਤੱਕ ਅੱਖਾਂ ਦਾਨ ਸਬੰਧੀ ਜੋ ਪੰਦਰਵਾੜਾ ਮਨਾਇਆ ਜਾ ਰਿਹਾ ਹੈ, ਇਸ ਸਬੰਧੀ ਸਾਡੇ ਪੈਰਾਂ ਮੈਡੀਕਲ ਸਟਾਫ ,ਆਸ਼ਾ ਵਰਕਰ ਅਤੇ ਮਾਸ ਮੀਡੀਆ ਵਿੰਗ ਦੁਆਰਾ ਲੋਕਾਂ ਨੂੰ ਜਾਗਰੂਕਤਾ ਕੈਂਪਾਂ ਦੁਆਰਾ ਜਾਗਰੂਕ ਕੀਤਾ ਜਾਂਦਾ ਹੈ, ਇਸ ਲੜੀ ਦੇ ਤਹਿਤ ਅੱਜ ਜ਼ਿਲ੍ਹਾ ਸਿਵਲ ਹਸਪਤਾਲ ਮਾਨਸਾ ਵਿਖੇ ਦਵਾਈ ਲੈਣ ਆਏ ਮਰੀਜ਼ਾਂ ਨੂੰ ਓ.ਪੀ.ਡੀ. ਅਤੇ ਅੱਖਾਂ ਦੀ



ਓ.ਪੀ.ਡੀ.ਵਿਖੇ ਡਾ.ਪੱਲਵੀ ਮੈਨਣ ਅੱਖ ਰੋਗਾਂ ਦੇ ਮਾਹਿਰ ਵੱਲੋਂ ਜਾਗਰੁਕਤਾ ਕੈਂਪ ਲਗਾ ਲੋਕਾਂ ਨੂੰ ਜਾਗਰੂਕ ਕੀਤਾ ਗਿਆ।

ਇਸ ਮੌਕੇ ਡ਼ਾ ਮੈਨਣ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਰਨੀਆ (ਅੱਖ ਦੀ ਪੁਤਲੀ) ਦੀ ਬਿਮਾਰੀ ਤੋਂ ਅੰਨ੍ਹਾਪਣ ਭਾਰਤ ਵਿੱਚ ਇੱਕ ਪ੍ਰਮੁੱਖ ਜਨਤਕ ਸਿਹਤ ਸਮੱਸਿਆ ਹੈ। ਭਾਰਤ ਵਿੱਚ ਪ੍ਰਤੀ ਸਾਲ 1 ਲੱਖ ਕੋਰਨੀਅਲ ਟ੍ਰਾਂਸਪਲਾਂਟ ਕਰਨ ਲਈ 2 ਲੱਖ 70 ਹਜ਼ਾਰ ਦਾਨੀਆਂ ਦੀਆਂ ਅੱਖਾਂ ਦੀ ਲੋੜ ਦਾ ਅਨੁਮਾਨ ਹੈ, ਜੋ ਕਿ ਦਾਨੀ ਅੱਖਾਂ ਦੀ ਮੌਜੂਦਗੀ ਤੋਂ ਲਗਭਗ 4 ਗੁਣਾ ਵੱਧ ਹੈ।ਮਨੁੱਖੀ ਅੱਖਾਂ ਦੀ ਮੰਗ ਅਤੇ ਸਪਲਾਈ ਵਿੱਚ ਵੱਡਾ ਫਰਕ ਇੱਕ ਚੁਣੌਤੀ ਹੈ, ਆਮ ਲੋਕਾਂ ਦੇ ਸਹਿਯੋਗ ਦੇ ਨਾਲ ਹੀ ਇਸ ਸਮੱਸਿਆ ਤੋਂ ਪਾਰ ਪਾਇਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਕੋਰਨੀਆਂ ਅੱਖ ਦੀ ਕੱਚ ਵਰਗੀ ਸਭ ਤੋਂ ਬਾਹਰ ਦੀ ਪਾਰਦਰਸ਼ੀ ਪਰਤ ਹੁੰਦੀ ਹੈ ਕੋਰਨੀਆਂ ਵਿਚੋਂ ਹੀ ਸਾਡੇ ਅੱਖ ਦੇ ਅੰਦਰ ਰੋਸ਼ਨੀ ਜਾਂਦੀ ਹੈ, ਜਿਸ ਕਾਰਨ ਅਸੀਂ ਦੇਖਦੇ ਹਾਂ, ਸੱਟ ਲੱਗਣ ਕਾਰਨ, ਕੋਰਨੀਅਲ ਟਰੋਮਾ, ਕਿਸੇ ਵੀ ਤਰ੍ਹਾਂ ਦੀ ਵਾਈਰਲ, ਬੈਕਟੀਰੀਅਲ ਜਾਂ ਫੰਗਸ ਲਾਗ (ਇੰਫੈਕਸ਼ਨ) ਕਾਰਨ, ਕਿਸੇ ਤਰ੍ਹਾਂ ਦੇ ਕੁਪੋਸ਼ਨ ਕਾਰਨ ਜਿਵੇ ਵਿਟਾਮਿਨ ਏ ਦੀ ਘਾਟ ਹੋ ਜਾਣਾ, ਜਨਮ ਤੋਂ ਹੀ ਕਿਸੇ ਬੀਮਰੀ ਕਾਰਨ, ਪਾਰਦਰਸ਼ੀ ਕੋਰਨੀਅਲ ਅਪਾਰਦਰਸ਼ੀ ਹੋ ਜਾਂਦਾ ਹੈ ਤਾਂ ਅੱਖ ਬਾਹਰ ਦੀ ਰੋਸ਼ਨੀ ਨੂੰ ਫੋਕਸ ਨਹੀਂ ਕਰ ਪਾਉਂਦੀ ਤੇ ਵਿਅਕਤੀ ਨੂੰ ਕੁਝ ਵੀ ਦਿਖਾਈ ਨਹੀਂ ਦਿੰਦਾ। ਜਦੋਂ ਇਸ ਅਪਾਰਦਰਸ਼ੀ ਕੋਰਨੀਅਲ ਨੂੰ ਨਵੇਂ ਪਾਰਦਰਸ਼ੀ ਕੋਰਨੀਅਲ ਨਾਲ ਟ੍ਰਾਂਸਪਲਾਟ ਕਰਦੇ ਹਾਂ ਤਾਂ ਵਿਅਕਤੀ ਫਿਰ ਤੋਂ ਦੇਖਣ ਯੋਗ ਹੋ ਜਾਂਦਾ ਹੈ। ਊਪ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਨੇ ਦੱਸਿਆ ਕਿ ਅੱਖਾਂ ਦਾਨ ਸਿਰਫ ਜੀਵਨ ਤੋਂ ਬਾਅਦ ਮੌਤ ਤੋਂ 4 ਤੋਂ 6 ਘੰਟੇ ਦੇ ਵਿੱਚ ਹੀ ਹੋਣੀਆਂ ਚਾਹੀਦੀਆਂ ਹਨ। ਇਸ ਮੌਕੇ ਨੇ ਉਨਾਂ ਇਹ ਵੀ ਕਿਹਾ ਕਿ ਅੱਖਾਂ ਦਾਨ ਕਰਨ ਲਈ ਨੇੜੇ ਦੇ ਸਰਕਾਰੀ ਹਸਪਤਾਲ ਤੋਂ ਜਾਂ ਅੱਖ ਬੈਂਕ ਤੋਂ ਅਤੇ ਸਮੂਹ ਸਰਕਾਰੀ ਹਸਪਤਾਲਾਂ , ਸਰਕਾਰੀ ਮੈਡੀਕਲ ਕਾਲਜਾਂ ਵਿੱਚ ਵੀ ਇਸ ਸਬੰਧੀ ਫਾਰਮ ਮੌਜੂਦ ਹਨ। ਇਸ ਪੰਦਰਵਾੜੇ ਦੌਰਾਨ ਸਾਡੇ ਪੈਰਾ ਮੈਡੀਕਲ ਦੇ ਸਿਹਤ ਕਰਮਚਾਰੀ ਅਤੇ ਆਸ਼ਾ ਵਰਕਰ ਲੋਕਾਂ ਨੂੰ ਜਾਗਰੂਕ ਕਰਕੇ ਫਾਰਮ ਭਰਾਉਣ ਵਿੱਚ ਮਦਦ ਵੀ ਕਰਨਗੇ ਅਤੇ ਨਾਲ ਹੀ ਦੱਸਿਆ ਕਿ ਆਨ—ਲਾਈਨ ਰਜਿਸਟ੍ਰਸ਼ਨ ਲਈ http://nhm.punjab.gov.in/eye_donation ਲਿੰਕ ਤੇ ਜਾ ਕੇ ਆਪਣੀ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ।ਇਸ ਮੌਕੇ ਅਭਿਸ਼ੇਕ ਕੁਮਾਰ ਅਪਥਾਲਮਿਕ ਅਫਸਰ,ਹੋਰ ਕਰਮਚਾਰੀ ਅਤੇ ਆਮ ਪਬਲਿਕ ਵੀ ਹਾਜ਼ਰ ਸੀ।

## ਆ ਗਿਆ ਇੱਕ ਮਿੱਕ ਹੋਣ ਦਾ ਵੇਲ਼ਾ

ਤੈਨੂੰ ਕੱਖਾਂ ਤੋਂ ਹੌਲ਼ਾ ਕਰ ਦੇਣਾ ,
ਨਿੱਤ ਨਿੱਤ ਹੁੰਦੀਆਂ ਤਰਮੀਮਾਂ ਨੇ ।
ਕਦੇ ਨਕਲੀ ਸ਼ਰਾਬ ਦੀਆਂ ਮਿੱਲਾਂ,
ਕਦੇ ਭੁੱਕੀ , ਚਿੱਟੇ ਅਫੀਮਾਂ ਨੇ ।
ਬੀ ਬੀ ਐੱਮ ਬੀ ਅਤੇ ਚੰਡੀਗੜ੍ਹ 'ਚੋਂ,
ਤੇਰੇ ਧੀਆਂ ਪੁੱਤਾਂ ਨੂੰ ਬਾਹਰ ਕਰ ;
ਪੰਜਾਬ ਸਿਆਂ ਤੈਨੂੰ ਜਾਣ ਜਾਣ ਕੇ ,
ਸੇਭ। ਡੋਬਣ ਦੀਆਂ ਸਕੀਮਾਂ



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ
ਸੰਗਰੂਰ।
9914836037

## ਡੀਸੀ ਸਾਕਸ਼ੀ ਸਾਹਨੀ



ਹੌਸਲੇ ਬੁਲੰਦ ਅਤੇ ਬੇਪਰਵਾਹ ਜੀ
ਲੱਕ ਲੱਕ ਪਾਣੀ ਬੜਾ ਤੇਜ ਵਹਾਅ ਜੀ
ਉਛਲਿਆ ਹੋਇਆ ਭਾਵੇਂ ਰਾਵੀ ਤੇ ਝਨਾਬ ਏ
ਵੱਡੇ ਕਾਰਨਾਮੇ ਦੇਖੇ ਯਾਰੋ ਡੀ ਸੀ ਸਾਹਿਬ ਦੇ

ਵੱਡਿਆਂ ਬਜ਼ੁਰਗਾਂ ਨੂੰ ਗਲ ਨਾਲ ਲਾਉਂਦੀ
ਡਰਨ ਦੀ ਲੋੜ ਨਹੀਂ ਜੇ ਆਣ ਸਮਝਾਉਂਦੀ
ਰੌਣਕ ਆ ਜਾਦੀ ਮੁਰਝਾਏ ਹੋਏ ਗੁਲਾਬ ਤੇ
ਵੱਡੇ ਕਾਰਨਾਮੇ ਦੇਖੇ ਯਾਰੋ ਡੀ ਸੀ ਸਾਹਿਬ ਦੇ

ਏਦਾਂ ਦੀਆਂ ਧੀਆਂ ਮਾਣ ਮਾਪਿਆਂ ਦਾ ਹੁੰਦਾ
ਜਿਨ੍ਹਾਂ ਨੂੰ ਲੋਕਾਂ ਨੇ ਰੱਬ ਆਖਿਆ ਜੀ ਹੁੰਦਾ
ਦੁੱਖ਼ ਵੇਲੇ ਕੰਮ ਉਨੇ ਕੀਤੇ ਬੇਹਿਸਾਬ ਨੇ
ਵੱਡੇ ਕਾਰਨਾਮੇ ਦੇਖੇ ਯਾਰੋ ਡੀ ਸੀ ਸਾਹਿਬ ਦੇ


ਗੁਰਮੀਤ ਡੁਮਾਣੇ ਨੂੰ ਬੜਾ ਉਨ੍ਹਾਂ ਉਤੇ ਮਾਣ ਆ
ਏਦਾਂ ਦੀਆ ਰੂਹਾਂ ਪੰਜਾਬ ਦੀ ਉਹ ਸ਼ਾਨ ਆ
ਹਰ ਇੱਕ ਆਖੇ ਕਿਆ ਕਹਿਣੇ ਨੇ ਜਨਾਬ ਦੇ
ਵੱਡੇ ਕਾਰਨਾਮੇ ਦੇਖੇ ਯਾਰੋ ਡੀ ਸੀ ਸਾਹਿਬ ਦੇ



**ਗੁਰਮੀਤ ਡੁਮਾਣਾ**
ਲੋਹੀਆਂ ਖਾਸ
ਜਲੰਧਰ

## ਅੱਜ ਕਵਿਤਾ ਲਿਖੀ ਨਹੀਂ ਗਈ

ਅੱਜ,
ਕਵਿਤਾ ਲਿਖੀ ਨਹੀਂ ਗਈ...
ਸੁਣਿਆ ਸੀ,
ਦਰਦ ਕਲਮ ਰਾਹੀਂ ਵਹਿੰਦਾ ਹੈ,
ਪਰ ਜਦੋਂ ਅਰਦਾਸ ਰੋ ਪਵੇ,
ਤਾਂ ਕਾਗ਼ਜ਼ ਕੰਬ ਜਾਂਦੇ ਹਨ,
ਲਫ਼ਜ਼ ਮੁੱਕ ਜਾਂਦੇ ਹਨ,
ਕਲਮ ਇਨਕਾਰੀ ਹੋ ਜਾਂਦੀ ਹੈ।
ਕਰੋਪੀਆਂ ਦਾ ਪਾਣੀ
ਰੋੜ ਕੇ ਲੈ ਗਿਆ
ਮੇਰੇ ਪਿੰਡ ਦੇ ਰਾਹ,
ਖੇਤ, ਘਰ, ਮਾਲ,
ਡੰਗਰ, ਵੱਛਾ...
ਸਾਰਾ ਕੁਝ।
ਅੱਜ ਦੀ ਕਵਿਤਾ,
ਹੋ ਗਈ ਅਨਾਥ, ਯਤੀਮ, ਲਾਵਾਰਿਸ।
ਤੈਸ਼ ਵਿੱਚ ਆਈ ਕੁਦਰਤ
ਪੁੱਲਾਂ ਉੱਪਰੋਂ ਦੀ ਵੱਗ ਗਈ,
ਤੇ ਖ਼ੋਰ ਕੇ ਲੈ ਤੁਰੀ
ਆਪਣੇ ਹੀ ਕੰਢੇ,
ਆਪਣੀ ਹੀ ਕੁਲ ਦੇ
ਹੱਕਾਂ ਦਾ ਜ਼ਖ਼ੀਰਾ।
ਤਾਂਡਵ ਕਰਦੀ,
ਸਬਰਾਂ ਦੇ ਬੰਨ ਤੋੜ੍ਹਦੀ,
ਦਹਾੜਦੀ, ਫਰਾਟੇ ਮਾਰਦੀ,
ਅਹੰਕਾਰ ਨੂੰ ਲਲਕਾਰਦੀ,
ਵੰਗਾਰਦੀ...
ਅੱਕੀ ਕੁਦਰਤ
ਚੀਕ-ਚੀਕ ਪੁੱਛਦੀ,
"ਦੱਸੋ, ਕਦੋਂ ਤੱਕ
ਨੱਚੋਗੇ ਮੇਰੀ ਛਾਤੀ ‘ਤੇ?"
ਵੈਰਨ ਬੇਖ਼ਬਰ ਹੀ
ਵਹਾ ਲੈ ਗਈ
ਨਿਰਦੋਸ਼ਾਂ ਦੇ ਪੈਰਾਂ ਹੇਠੋਂ ਧਰਤੀ,
ਤੇ ਕਰ ਗਈ
ਸਭ ‘ਗਿਰਦਾਵਰੀਆਂ’ ਆਪਣੇ ਨਾਮ।
ਮੈਂ ਜਾਣਦੀ ਹਾਂ,
ਕੁਦਰਤ ਬੇਇਨਸਾਫ਼ੀ ਨਹੀਂ।
ਜਦੋਂ ਉਹ ਸ਼ਾਂਤ ਹੋਵੇਗੀ,
ਇੱਕ ਨਵੇਂ ਸਵੇਰ ਨਾਲ,
ਮੁੜ ਲਿਖੇਗੀ ਵਸੀਅਤਾਂ
ਆਪਣੇ ਵਾਰਸਾਂ ਦੇ ਨਾਮ।
ਫਿਰ ਰੱਖੇਗੀ ਹੱਥ ਮੋਢਿਆਂ ‘ਤੇ,
ਲਾਵੇਗੀ ਛਾਤੀ ਨਾਲ।
ਤੇ ਇਹ ਮਿੱਟੀ ਦਾ ਉੜਿਆ ਰੰਗ,
ਫਿਰ ਹੋਵੇਗਾ
ਹਰਾ ਤੇ ਸੁਨਹਿਰੀ।
ਮੁੜ ਆਉਣਗੇ
ਮੇਰੀ ਦਲੇਰ ਧਰਤ ਦੇ ਹਾਸੇ...
ਦਹੁੰ, ਚਹੁੰ ਦਿਨਾਂ ਨੂੰ।
ਹਾਂ, ਮੈਂ ਵੇਖੀ ਹੈ
ਗੰਧਲੇ ਪਾਣੀਆਂ ‘ਤੇ ਤਰਦੀ
ਸਬਰ, ਸਿਦਕ
ਅਤੇ ਰੋਹ ਦੀ
‘ਚੜ੍ਹਦੀ ਕਲਾ’।
ਹੁੰਗਾਰਾ ਭਰਦੀ...
ਇਹ ਮਿੱਟੀ ਵਾਰਾਂ ਦੀ ਮਿੱਟੀ ਹੈ,
ਇਸਦੇ ਹੌਂਸਲੇ
ਕਦੇ ਮਰਦੇ ਨਹੀਂ,
ਭਾਵੇਂ ਕਿ
ਅੱਜ ਕਵਿਤਾ ਲਿਖੀ ਨਹੀਂ ਗਈ।



**ਦੀਪ ਸੰਧੂ**
+61 459 966 392

## .ਗਜ਼ਲ

ਸਿਤਮ ਸੀ ਤੇਰਾ , ਵਫ਼ਾ ਸਾਡੀ, ਹੜੀਂ ਸਭ ਰੋੜਤਾ
ਦੇਖ ਲਹਿੰਦਾ ਕਿੰਝ ਚੜਦਾ, ਆਪ ਹੀ ਤੈਂ ਜੋੜਤਾ

ਢਾਹ ਦਿੱਤੇ ਕਿੰਗਰੇ ਨੇ , ਘਰ ਉਜਾੜੇ ਖੇਤ ਤੋਂ
ਦੇਖ ਖੁਦ ਪਿਛਲਾ ਰਿਕਾਰਡ, ਆਪ ਹੀ ਤੈਂ ਤੋੜਤਾ

ਸ਼ਾਜ਼ਿਸਾਂ ਨਾ ਜੇ ਕਹੀਏ, ਤਾਂ ਕਹੀਏ ਹੋਰ ਕੀ
ਆਫ਼ਤਾਂ ਨੂੰ ਦਰਿਆਵਾਂ ਰਾਹ, ਨਸਲ ਵੱਲੀਂ ਮੋੜਤਾ

ਪੁੱਤ ਸੀ ਕੁਰਬਾਨ ਕੀਤੇ, ਪੱਤ ਤੇਰੀ ਵਾਸਤੇ
ਹੁਣ ਅਸਾਂ ਵੀ ਸੀਸ ਦੇਣਾ, ਅੱਜ ਤੋਂ ਹੀ ਛੋੜਤਾ

ਨਾ ਦਗ਼ਾ ਤੇਰੀ ਕਰਾਂਗੇ, ਮਾਫ਼ " ਬਾਲੀ ਰੇਤਗੜ੍ਹ "
ਸਾਂਝ ਵਾਲਾ ਅੱਜ ਭਾਂਡਾ , ਲੈ ਗਦਾਰਾਂ ਫੋੜਤਾ ।



**ਬਲਜਿੰਦਰ ਸਿੰਘ ਬਾਲੀ ਰੇਤਗੜ੍ਹ**
9465129168



# ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਵਿਖੇ ਫਰੈਸ਼ਰ ਅਤੇ ਫੇਅਰਵੈਲ ਪਾਰਟੀ ਆਗਾਜ਼ 2025 ਦਾ ਆਯੋਜਨ

## ਮਿਸ ਫਰੈਸ਼ਰ ਸੁਖਮਨੀ ਕੌਰ ਅਤੇ ਮਿਸਟਰ ਫਰੈਸ਼ਰ ਮਨੀਸ਼ ਕੁਮਾਰ ਚੁਣੇ ਗਏ

**ਬੰਗਾ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਢਾਹਾਂ ਕਲੇਰਾਂ ਵੱਲੋਂ ਸਾਲ 2025 ਦੇ ਬੀ. ਐਸ. ਸੀ. ਅਤੇ ਐਮ. ਐਸ. ਸੀ. ਦੇ ਨਵੇਂ ਬੈਚਾਂ ਦੇ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਅਤੇ ਪਹਿਲੇ ਬੈਚ ਦੇ ਵਿਦਿਆਰਥੀਆਂ ਦੀ ਵਿਦਾਇਗੀ ਲਈ ਫਰੈਸ਼ਰ ਪਾਰਟੀ ਅਤੇ ਫੇਅਰਵੈੱਲ ਪਾਰਟੀ ਅਗਾਜ਼ 2025 ਦਾ ਆਯੋਜਨ ਢਾਹਾਂ ਕਲੇਰਾਂ ਵਿਖੇ ਕੀਤਾ ਗਿਆ, ਜਿਸ ਵਿਚ ਮਿਸ ਫਰੈਸ਼ਰ ਸੁਖਮਨੀ ਕੌਰ ਅਤੇ ਮਿਸਟਰ ਫਰੈਸ਼ਰ ਮਨੀਸ਼ ਕੁਮਾਰ ਚੁਣੇ ਗਏ । ਇਸ ਸਮਾਰੋਹ ਦੇ ਮੁੱਖ ਮਹਿਮਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਅਤੇ ਸਾਬਕਾ ਪ੍ਰਧਾਨ ਸ. ਮਲਕੀਅਤ ਸਿੰਘ ਬਾਹੜੋਵਾਲ ਸਨ । ਫਰੈਸ਼ਰ ਪਾਰਟੀ ਦਾ ਸ਼ੁਭ ਆਰੰਭ ਮਹਿਮਾਨਾਂ ਵੱਲੋਂ ਸ਼ਮਾਂ ਰੌਸ਼ਨ ਕਰਨ ਉਪਰੰਤ ਹੋਇਆ । ਇਸ ਮੌਕੇ ਡਾ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਨੇ ਨਵੇਂ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕਰਦੇ ਉਹਨਾਂ ਨੂੰ ਅਨੁਸ਼ਾਸ਼ਨ ਵਿਚ ਰਹਿੰਦੇ ਹੋਏ ਡਿਗਰੀ ਕੋਰਸਾਂ ਦੀ ਵਧੀਆ ਪੜ੍ਹਾਈ ਕਰਕੇ ਅਵੱਲ ਪੁਜ਼ੀਸਨਾਂ ਹਾਸਲ ਕਰਕੇ ਆਪਣਾ, ਆਪਣੇ ਮਾਪਿਆਂ ਅਤੇ ਆਪਣੇ ਕਾਲਜ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਆ । ਉਹਨਾਂ ਕਿਹਾ ਕਿ ਇਸ ਕਾਲਜ ਵਿਚ ਸਿਰਫ਼ ਕਿਤਾਬੀ ਗਿਆਨ ਹੀ ਨਹੀਂ ਸਿਖਾਇਆ ਜਾਂਦਾ, ਸਗੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ । ਜਿਸ ਦੇ ਨਾਲ ਕਾਲਜ ਵਿਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਅਕਾਦਮਿਕ ਮੌਕੇ ਮਿਲਦੇ ਹਨ । ਉਹਨਾਂ ਨੇ ਕਾਲਜ ਦੇ ਪਹਿਲੇ ਬੈਚ ਦੇ ਪਾਸਆਊਟ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੰਦੇ ਹੋਏ ਉਹਨਾਂ ਦੇ ਸੁਨਿਹਰੀ ਭਵਿੱਖ ਲਈ ਆਪਣਾ ਅਸ਼ੀਰਵਾਦ ਦਿੱਤਾ । ਸਮਾਰੋਹ ਵਿਚ ਸ. ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ ਅਤੇ ਸ. ਵਰਿੰਦਰ ਸਿੰਘ ਬਰਾੜ ਐਚ ਆਰ ਨੇ ਨਵੇਂ ਦਾਖਲ ਹੋਏ ਤੇ ਵਿਦਾ ਹੋ ਰਹੇ ਵਿਦਿਆਰਥੀਆਂ ਨੂੰ ਆਪਣੀਆਂ ਸ਼ੁੱਭਕਾਮਨਾਵਾਂ ਦਿੱਤੀਆਂ ।



ਫਰੈਸ਼ਰ ਪਾਰਟੀ ਅਗਾਜ਼ 2025 ਵਿਚ ਮਿਸ ਫਰੈਸ਼ਰ ਅਤੇ ਮਿਸਟਰ ਫਰੈਸ਼ਰ ਨੂੰ ਸਨਮਾਨਿਤ ਕਰਨ ਮੌਕੇ ਮੁੱਖ ਮਹਿਮਾਨ ਡਾ ਕੁਲਵਿੰਦਰ ਸਿੰਘ ਢਾਹਾਂ ਅਤੇ ਨਾਲ ਸਹਿਯੋਗ ਦੇ ਰਹੇ ਹਨ ਵਰਿੰਦਰ ਸਿੰਘ ਬਰਾੜ, ਰਾਜਦੀਪ ਥਿਦਵਾਰ (ਹੇਠਾਂ) ਵੱਖ ਵੱਖ ਪੇਸ਼ਕਾਰੀਆਂ ਕਰਦੇ ਵਿਦਿਆਰਥੀ।

ਫਰੈਸ਼ਰ ਪਾਰਟੀ ਅਗਾਜ਼ 2025 ਵਿਚ ਬੀ.ਐੱਸ.ਸੀ. ਅਤੇ ਐਮ.ਐਸ.ਸੀ. ਕੋਰਸਾਂ ਦੇ ਨਵੇਂ ਦਾਖਲ ਵਿਦਿਆਰਥੀਆਂ ਵੱਲੋਂ ਪੰਜਾਬ ਦਾ ਲੋਕ ਨਾਚ ਭੰਗੜਾ, ਗਿੱਧਾ, ਹਿਮਾਚਲੀ ਨਾਟੀ ਡਾਂਸ, ਮਹਾਰਾਸ਼ਟਰ ਦਾ ਲਾਵਨੀ ਡਾਂਸ, ਲੇਜ਼ੀ ਡਾਂਸ , ਕਲਾਸੀਕਲ ਡਾਂਸ, ਹਰਿਆਣਵੀ ਡਾਂਸ, ਬੌਲੀਵੁੱਡ ਡਾਂਸ ਆਦਿ ਦੀਆਂ ਕੋਰੀਉਗਰਾਫੀ ਪੇਸ਼ ਕਰਕੇ ਸਟੇਜ 'ਤੇ ਪੂਰੇ ਭਾਰਤ ਦੇਸ ਦੇ ਸਭਿਆਚਾਰ ਨੂੰ ਪੇਸ਼ ਕਰਕੇ ਸਰੋਤਿਆ ਦਾ ਮਨ ਮੋਹ ਲਿਆ । ਫਰੈਸ਼ਰ ਪਾਰਟੀ ਦੇ ਸਖਤ ਮੁਕਾਬਲੇ ਵਿਚੋਂ ਮਿਸ ਫਰੈਸ਼ਰ 2025 ਸੁਖਮਨੀ ਕੌਰ ਅਤੇ ਮਿਸਟਰ ਫਰੈਸ਼ਰ 2025 ਮਨੀਸ਼ ਕੁਮਾਰ ਚੁਣੇ ਗਏ । ਜਦ ਕਿ ਮਿਸਟਰ ਚਾਰਮਿੰਗ ਰਾਹੁਲ ਕੁਮਾਰ , ਮਿਸ ਐਲੀਗੈਂਟ ਸੰਜਨਾ, ਮਿਸ ਕ੍ਰੀਏਟਿਵ ਜਸ਼ਰਨ ਕੌਰ, ਮਿਸ ਟੇਲੈਂਟਿਡ ਰਮਨਦੀਪ ਕੌਰ, ਮਿਸਟਰ ਟੇਲੈਂਟਿਡ ਪ੍ਰਿੰਸ ਅਤੇ ਮਿਸ ਅਚੀਵਰ ਨੇਹਾ ਨੂੰ ਚੁਣਿਆ ਗਿਆ । ਇਸ ਮੌਕੇ ਜੱਜਾਂ ਦੀ ਅਹਿਮ ਜ਼ਿੰਮੇਦਾਰੀ ਮੈਡਮ ਰਮਨਦੀਪ ਕੌਰ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਆਫ ਨਰਸਿੰਗ, ਸ੍ਰੀ ਰਮਨ ਕੁਮਾਰ ਵਾਈਸ ਪ੍ਰਿੰਸੀਪਲ ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਢਾਹਾਂ ਕਲੇਰਾਂ, ਸ੍ਰੀ ਸਰਵਣ ਕੁਮਾਰ ਮੈਨੇਜਰ ਟੋਲ ਪਲਾਜ਼ਾ, ਸ. ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ ਅਤੇ ਮੈਡਮ ਜੋਤੀ ਭਾਟੀਆ ਫਰੰਟ ਡੈਸਕ ਮਨੈਜਰ ਨੇ ਬਾਖੂਬੀ ਨਿਭਾਈ । ਮੁੱਖ ਮਹਿਮਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਆਪਣੇ ਕਰ ਕਮਲਾਂ ਨਾਲ ਜੇਤੂ ਵਿਦਿਆਰਥੀਆਂ ਨੂੰ ਸਨਾਮਨ ਚਿੰਨ੍ਹ ਪ੍ਰਦਾਨ ਕਰਕੇ ਸਨਮਾਨਿਤ ਕੀਤਾ । ਸਮਾਗਮ ਦੇ ਅੰਤ ਵਿਚ ਵਾਈਸ ਪ੍ਰਿੰਸੀਪਲ ਸ੍ਰੀ ਰਾਜਦੀਪ ਥਿਦਵਾਰ ਵੱਲੋ ਮੁੱਖ ਮਹਿਮਾਨ ਅਤੇ ਫਰੈਸ਼ਰ ਪਾਰਟੀ ਅਗਾਜ਼ 2025 ਨੂੰ ਸਫਲ ਕਰਨ ਵਿਚ ਯੋਗਦਾਨ ਪਾਉਣ ਵਾਲੇ ਸਮੂਹ ਸਹਿਯੋਗੀਆਂ ਅਤੇ ਸਮੂਹ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਅਤੇ ਸਾਰੇ ਖਿਤਾਬ ਜੇਤੂਆਂ ਨੂੰ ਵਧਾਈ ਦਿੱਤੀ । ਵਰਨਣਯੋਗ ਹੈ ਕਿ ਆਗਾਜ਼-2025 ਨੂੰ ਯਾਦਗਾਰੀ ਬਣਾਉਣ ਅਤੇ ਸਫਲ ਕਰਨ ਲਈ ਸਰਵਸ਼੍ਰੇਸ਼ਠ ਯੋਗਦਾਨ ਹੈੱਡ ਆਫ ਡਿਪਾਰਟਮੈਂਟ ਮੈਡਮ ਪਿਊਸ਼ੀ ਯਾਦਵ ਅਤੇ ਉਹਨਾਂ ਦੇ ਸਹਿਯੋਗੀਆਂ ਮੈਡਮ ਆਰਚੀ ਭਟੇਜਾ ਅਤੇ ਸ੍ਰੀ ਵਿਕਾਸ ਭਾਰਦਵਾਜ ਦਾ ਰਿਹਾ । ਇਸ ਸਮਾਰੋਹ ਦੀ ਸਫਲਤਾ ਦਾ ਸਿਹਰਾ ਗੁਰੂ ਨਾਨਕ ਪੈਰਾਮੈਡੀਕਲ ਕਾਲਜ ਦੀ ਸਮੂਹ ਫੈਕਲਿਟੀ ਟੀਮ ਸ੍ਰੀ ਰਾਹੁਲ ਵਰਮੋਤਾ, ਸ੍ਰੀ ਰਮਨ ਕੁਮਾਰ, ਸ੍ਰੀ ਰਿਤਿਕ ਕੁਮਾਰ ਪਾਠਕ, ਮੈਡਮ ਅੰਜਲੀ ਜੈ ਸਿੰਘ, ਸ੍ਰੀ ਧੀਰ ਸਿੰਘ, ਮੈਡਮ ਇੰਦੂ ਬਾਲਾ, ਸ੍ਰੀ ਵਿਵੇਕ ਸ਼ਰਮਾ ਅਤੇ ਮੈਡਮ ਚੈਰੀ ਦਾ ਰਿਹਾ ਹੈ । ਇਸ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸਮੂਹ ਵਿਦਿਆਰਥੀਆਂ ਨੂੰ ਮੰਚ ਉੱਪਰ ਨੱਚਣ ਦਾ ਖੁੱਲਾ ਸੱਦਾ ਦਿੱਤਾ ਗਿਆ, ਜਿਸ ਦਾ ਉਹਨਾਂ ਨੇ ਖੂਬ ਆਨੰਦ ਮਾਣਿਆ ।

# ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਦੀਆਂ ਵਿਖੇ ਹਰੇਕ ਤਰ੍ਹਾਂ ਦੀ ਸਹੂਲਤ ਦਿੱਤੀ ਜਾਂਦੀ ਹੈ : ਡਾ ਬੀ ਐਸ ਬੱਲ

**ਬੰਗਾ (ਚਰਨਜੀਤ ਸੱਲ੍ਹਾਂ )** ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਂਦੀਆ ਜਿਹੜੇ ਸਤਸੰਗ ਘਰ ,ਖਟਕੜ ਕਲਾਂ ਵਿਖੇ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਹਰ ਸਪੈਸ਼ਲੀਸਟ ਡਾਕਟਰ ਦੀ ਫੀਸ ਸਿਰਫ 10 ਰੁਪਏ ਹੈ ।ਇੱਥੇ ਜਨਰਲ ਸਰਜਰੀ ਅਤੇ ਦੂਰਬੀਨ ਨਾਲ ਆਪਰੇਸ਼ਨ ਸਿਰਫ 15900 ਵਿੱਚ ਕੀਤੇ ਜਾਂਦੇ ਹਨ ।ਸਮੇਤ ਸਾਰੇ ਖਰਚੇ ਜਿਵੇਂ ਕਿ ਦਵਾਈਆਂ, ਡਾਕਟਰ ਫੀਸ, ਨਰਸਿੰਗ ਫੀਸ, ਬਿਜਲੀ ਦੇ ਖਰਚੇ ,ਬੈਡ ਚਾਰਜ ਆਦਿ ਨਾਰਮਲ ਡਿਲੀਵਰੀ 5000ਵਿੱਚ ਕੀਤੀ ਜਾਂਦੀ ਹੈ ਇਸ ਹਸਪਤਾਲ ਵਿੱਚ ਸਜੇਰੀਅਨ 15000 ਵਿੱਚ ਕੀਤਾ ਜਾਂਦਾ ਹੈ।ਬੱਚੇਦਾਨੀ ਦਾ ਆਪਰੇਸ਼ਨ 15900 ਵਿੱਚ ਕੀਤਾ ਜਾਂਦਾ ਹੈ ।ਚਿੱਟੇ ਮੋਤੀਏ ਦਾ ਆਪਰੇਸ਼ਨ ਬਿਨਾਂ ਟੰਕੇ ,ਬਿਨਾਂ ਟੀਕੇ ,ਬਿਨਾਂ ਪੱਟੀ ਤੋਂ 6000 ਤੋਂ ਸ਼ੁਰੂ ਹੁੰਦਾ ਹੈ। ਈ ਸੀ ਜੀ 100 ਰੁਪਏ ਵਿੱਚ ਕੀਤੀ ਜਾਂਦੀ ਹੈ। ਐਕਸਰੇ 200 ਵਿੱਚ ਕੀਤੇ ਜਾਂਦੇ ਹਨ ।ਐਂਬੂਲੈਂਸ ਆਪਣੇ ਹਸਪਤਾਲ ਦੇ ਮਰੀਜ਼ਾਂ ਵਾਸਤੇ ਪੰਜ ਕਿਲੋਮੀਟਰ ਤੱਕ ਫਰੀ



ਸੇਵਾ ਕੀਤੀ ਜਾਂਦੀ ਹੈ। ਦਿਲ ਦੇ ਮਰੀਜ਼ਾਂ ਵਾਸਤੇ ਸਵੈਸਰੇ ਡਾਕਟਰ ਹਰ ਵੇਲੇ ਮੌਜੂਦ ਹਨ ,ਔਰਤਾਂ ਦੀਆਂ ਬਿਮਾਰੀਆਂ ਵਾਸਤੇ ਲੇਡੀ ਡਾਕਟਰ ਹਰ ਵੇਲੇ ਮੌਜੂਦ ਹਨ ,ਅੱਖਾਂ ਦੇ ਡਾਕਟਰ ਹਰ ਵੇਲੇ ਮੌਜੂਦ ਹਨ ,ਚਮੜੀ ਦੇ ਰੋਗਾਂ ਦੇ ਡਾਕਟਰ ਹਰ ਵੇਲੇ ਮੌਜੂਦ ਹਨ ,ਦੰਦਾਂ ਨੇ ਡਾਕਟਰ ਹਰ ਵੇਲੇ ਮੌਜੂਦ ਹਨ। ਸ਼ੂਗਰ, ਬੀਪੀ ,ਗੁਰਦੇ ਦੀਆਂ ਬਿਮਾਰੀਆਂ, ਕਾਲਾ ਪੀਲੀਆ, ਸਫੇਦ ਪੀਲੀਆ , ਹੈਪੇਟਾਈਟਿਸ ਏ, ਬੀ ,ਸੀਈ ਦਾ ਇਲਾਜ ,ਸੱਪ ਕੱਟੇ ਦਾ ਇਲਾਜ, ਨਿਮੋਨੀਆ ,ਡੇਂਗੂ ,ਮਲੇਰੀਆ, ਟਾਈਫੈਡ, ਜੋੜਾਂ ਦਾ ਦਰਦ ਅਤੇ ਹਰ ਤਰ੍ਹਾਂ ਦੀ ਐਮਰਜੈਂਸੀ ਇਥੇ 24 ਘੰਟੇ ਜਿਹੜੀ ਆ ਉਹ ਦੇਖੀ ਜਾਂਦੀ ਹੈ ਇੱਥੇ ਡਾਕਟਰ ਜਸਲੀਨ ਪਾਵਾ ਐਮਡੀ ਮੈਡੀਸਨ, ਡਾਕਟਰ ਰਿਤਿਕਾ ਐਮਡੀ ਗਾਇਨੀ ਔਰਤ ਰੋਗਾਂ ਦੇ ਮਾਹਰ ਡਾਕਟਰ , ਡਾਕਟਰ ਮੁਕੇਸ਼ ਅੱਖਾਂ ਦੇ ਮਾਹਰ, ਡਾਕਟਰ ਹਰਤੇਸ਼ ਪਾਵਾ ਐਮਡੀ ਬੱਚਿਆਂ ਦੇ ਮਾਹਰ ਡਾਕਟਰ ,ਡਾਕਟਰ ਨਾਮਦੇਵ ਬੰਗੜ ਚਮੜੀ ਰੋਗਾਂ ਦੇ ਮਾਹਰ, ਡਾਕਟਰ ਬੀਐਸ ਬੱਲ ਕਰੋਨਿਕ ਡਿਜੀਜ ਦੇ, ਮਾਹਰ ਡਾਕਟਰ ਜਸਲੀਨ ਕੌਰ ਮੈਡੀਕਲ ਅਫਸਰ , ਡਾਕਟਰ ਅਰੁਣ ਮੈਡੀਕਲ ਅਫਸਰ ਮੌਜੂਦ ਰਹਿੰਦੇ ਹਨ। ਸੰਗਤਾਂ ਨੂੰ ਅਪੀਲ ਹੈ ਕਿ ਇਹਨਾਂ ਸਹੂਲਤਾਂ ਦਾ ਵੱਧ ਤੋਂ ਵੱਧ ਫਾਇਦਾ ਉਠਾਇਆ ਜਾਵੇ ਜੀ। ਵੱਲੋਂ :-ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਂਦੀਆਂ ਧੰਨਵਾਦ ਜੀ।

# ਪ੍ਰਸ਼ਾਸਨ ਨੇ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਰਾਹਤ ਸਮੱਗਰੀ ਦੇ ਪੰਜ ਟਰੱਕ ਰਵਾਨਾ ਕੀਤੇ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਰੂਪਨਗਰ ਦੇ ਐਸਐਸਪੀ ਗੁਲਨੀਤ ਸਿੰਘ ਖੁਰਾਣਾ, ਬਲਾਚੌਰ ਦੇ ਸਬ ਡਿਵੀਜ਼ਨਲ ਮੈਜਿਸਟ੍ਰੇਟ ਕ੍ਰਿਤਿਕਾ ਗੋਇਲ ਨੇ ਸੋਮਵਾਰ ਨੂੰ ਧਾਰਮਿਕ ਅਤੇ ਸਮਾਜਿਕ ਸੰਗਠਨਾਂ ਦੇ ਨੁਮਾਇੰਦਿਆਂ ਨਾਲ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਰਾਹਤ ਸਮੱਗਰੀ ਦੇ ਪੰਜ ਟਰੱਕ ਰਵਾਨਾ ਕੀਤੇ। ਐਸਡੀਐਮ ਕ੍ਰਿਤਿਕਾ ਗੋਇਲ ਨੇ ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਦੇ ਪ੍ਰਬੰਧਨ ਅਤੇ ਹੋਰ ਸੰਗਠਨਾਂ ਦਾ ਸੂਬੇ ਦੇ ਇਸ ਔਖੇ ਸਮੇਂ ਵਿੱਚ ਪ੍ਰਸ਼ਾਸਨ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਲਈ



ਧੰਨਵਾਦ ਵੀ ਕੀਤਾ। ਬਾਬਾ ਅਵਤਾਰ ਸਿੰਘ ਨੇ ਕਿਹਾ ਕਿ ਗੁਰਦੁਆਰਾ ਟਿੱਬੀ ਸਾਹਿਬ ਪਹਿਲੀ ਖੇਪ ਵਜੋਂ ਡੇਰਾ ਬਾਬਾ ਨਾਨਕ ਅਤੇ ਰਾਮਦਾਸ ਖੇਤਰਾਂ ਵਿੱਚ ਚਾਰੇ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦੇ 12 ਟਰੱਕ ਭੇਜ ਰਿਹਾ ਹੈ ਅਤੇ ਸੰਗਤ ਲੋੜ ਪੈਣ 'ਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹੋਰ ਮਦਦ ਕਰਨ ਲਈ ਤਿਆਰ ਹੈ। ਐਸਡੀਐਮ ਨੇ ਕਿਹਾ ਕਿ ਇਸ ਸਮੇਂ ਸਤਲੁਜ ਦਰਿਆ ਦੇ ਨਾਲ ਲੱਗਦੇ ਸਬ ਡਿਵੀਜ਼ਨ ਵਿੱਚ ਸਥਿਤੀ ਕਾਬੂ ਹੇਠ ਹੈ ਅਤੇ ਪ੍ਰਸ਼ਾਸਨ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ।

# ਹੁਸ਼ਿਆਰਪੁਰ ਵਿੱਚ ਭਾਰੀ ਬਾਰਿਸ਼ ਕਾਰਨ 7 ਲੋਕਾਂ ਦੀ ਮੌਤ, ਮੁੱਖ ਮੰਤਰੀ ਮਾਨ ਨੇ 28 ਲੱਖ ਰੁਪਏ ਦਿੱਤੇ

## ਸੰਸਦ ਮੈਂਬਰ ਡਾ. ਰਾਜ ਨੇ ਪ੍ਰਭਾਵਿਤ ਪਰਿਵਾਰਾਂ ਨੂੰ ਮੁਆਵਜ਼ਾ ਸੌਂਪਿਆ

**ਮਾਹਿਲਪੁਰ ਰਪੁਰ (ਸਤਨਾਮ ਸਿੰਘ ਸਹੂੰਗੜਾ)** ਪਿਛਲੇ ਕੁਝ ਦਿਨਾਂ ਤੋਂ ਹੁਸ਼ਿਆਰਪੁਰ ਵਿੱਚ ਹੋ ਰਹੀ ਭਾਰੀ ਬਾਰਿਸ਼ ਨੇ ਹਜ਼ਾਰਾਂ ਲੋਕਾਂ ਦੇ ਜੀਵਨ ਨੂੰ ਉਥਲ-ਪੁਥਲ ਕਰ ਦਿੱਤਾ ਹੈ ਅਤੇ ਸੱਤ ਲੋਕਾਂ ਦੀ ਜਾਨ ਲੈ ਲਈ ਹੈ। ਛੱਤ ਡਿੱਗਣ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ ਜਦੋਂ ਕਿ ਤਿੰਨ ਹੋਰ ਲਗਾਤਾਰ ਬਾਰਿਸ਼ ਕਾਰਨ ਆਏ ਹੜ੍ਹ ਦੇ ਪਾਣੀ ਵਿੱਚ ਡੁੱਬ ਗਏ। ਇਸ ਦੁਖਾਂਤ 'ਤੇ ਤੁਰੰਤ ਪ੍ਰਤੀਕਿਰਿਆ ਦਿੰਦੇ ਹੋਏ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਭਾਵਿਤ ਪਰਿਵਾਰਾਂ ਲਈ ਤੁਰੰਤ 4-4 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ ਕੀਤਾ, ਜੋ ਕਿ ਕੁੱਲ 28 ਲੱਖ ਰੁਪਏ ਬਣਦੀ ਹੈ। ਹੁਸ਼ਿਆਰਪੁਰ ਦੇ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਨਿੱਜੀ ਤੌਰ 'ਤੇ ਨੌਗਰਾਈਂ ਪਿੰਡ ਦੇ ਮ੍ਰਿਤਕ



ਸੁਰਮੂ ਮੁਹੰਮਦ ਦੇ ਪਰਿਵਾਰ ਨੂੰ 4 ਲੱਖ ਰੁਪਏ ਦਾ ਮੁਆਵਜ਼ਾ ਚੈੱਕ ਸੌਂਪਿਆ। ਇਸ ਮੌਕੇ ਡਾ. ਰਾਜ ਨੇ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਅਤੇ ਸੰਕਟ ਦੀ ਇਸ ਘੜੀ ਵਿੱਚ ਲੋਕਾਂ ਦੇ ਨਾਲ ਖੜ੍ਹੇ ਹੋਣ ਦੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ ਸਰਕਾਰ ਸਥਿਤੀ ਦੀ ਸਰਗਰਮੀ ਨਾਲ ਨਿਗਰਾਨੀ ਕਰ ਰਹੀ ਹੈ ਅਤੇ ਬਾਰਿਸ਼ ਅਤੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੇ ਤੁਰੰਤ ਰਾਹਤ ਅਤੇ ਪੁਨਰਵਾਸ ਨੂੰ ਯਕੀਨੀ ਬਣਾ ਰਹੀ ਹੈ। ਉਨ੍ਹਾਂ ਅੱਗੇ ਕਿਹਾ, "ਪ੍ਰਸ਼ਾਸਨ ਨੂੰ ਹਾਈ ਅਲਰਟ 'ਤੇ ਰਹਿਣ ਅਤੇ ਪੀੜਤਾਂ ਨੂੰ ਹਰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰ ਨਾਗਰਿਕ ਦੀ ਭਲਾਈ ਅਤੇ ਸੁਰੱਖਿਆ ਲਈ ਵਚਨਬੱਧ ਹੈ।" ਡਾ. ਰਾਜ ਨੇ ਆਪਣੇ ਹਲਕੇ ਦੇ ਲੋਕਾਂ ਨੂੰ ਇਹ ਵੀ ਭਰੋਸਾ ਦਿੱਤਾ ਕਿ ਉਹ ਆਪਣੇ ਫੋਨ 'ਤੇ 24ਣ7 ਉਪਲਬਧ ਹਨ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਨਿੱਜੀ ਤੌਰ 'ਤੇ ਦੌਰਾ ਕਰਕੇ ਸਥਿਤੀ ਦਾ ਲਗਾਤਾਰ ਧਿਆਨ ਰੱਖ ਰਹੇ ਹਨ।

# ਪਾਰਟੀ ਬਾਜ਼ੀ ਨੂੰ ਛੱਡ ਕੇ ਹੜ੍ਹ ਪੀੜਤਾਂ ਦੀ ਮੱਦਦ ਲਈ ਅੱਗੇ ਆਉਣ ਦੀ ਲੋੜ :- ਡਿਪਟੀ ਸਪੀਕਰ

**ਹੁਸ਼ਿਆਰਪੁਰ/ਗੜ੍ਹਸ਼ੰਕਾਰ (ਬਲਵੀਰ ਚੌਪੜਾ)** ਪੰਜਾਬ ਤੇ ਇਸ ਨਾਲ ਲਗਦੇ ਸੂਬਿਆਂ ਵਿਚ ਭਾਰੀ ਮੀਂਹ ਕਾਰਨ ਪੰਜਾਬ ਦੇ ਕਈ ਜ਼ਿਲ੍ਹੇ ਹੜ੍ਹਾਂ ਦੀ ਮਾਰ ਝੱਲ ਰਹੇ ਹਨ। ਅਜਿਹੇ ਮੁਸ਼ਕਲ ਸਮੇਂ ਪਾਰਟੀ ਬਾਜ਼ੀ ਨੂੰ ਛੱਡ ਕੇ ਹੜ੍ਹ ਪੀੜਤ ਪੰਜਾਬੀ ਭਰਾਵਾਂ ਦੇ ਨਾਲ ਖੜ੍ਹਨ ਦੀ ਲੋੜ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਗੜ੍ਹਸ਼ੰਕਰ ਤੋਂ ਡਿਪਟੀ ਸਪੀਕਰ ਵਿਧਾਨ ਸਭਾ ਪੰਜਾਬ ਅਤੇ ਹਲਕਾ ਵਿਧਾਇਕ ਸ.ਜੈ ਕ੍ਰਿਸ਼ਨ ਸਿੰਘ ਰੌੜੀ ਗੱਲਬਾਤ ਕਰਦਿਆਂ ਕਿਹਾ ਕਿ ਲਗਾਤਾਰ ਪੈ ਰਹੇ ਮੀਂਹ ਕਰਨ ਜਿਥੇ ਸੂਬੇ ਦੇ ਵੱਖ ਵੱਖ ਇਲਾਕਿਆਂ ਵਿੱਚ ਹੜ੍ਹਾ ਵਰਗੇ ਹਾਲਤ ਬਣ ਚੁੱਕੇ ਹਨ ਕਿਸਾਨਾਂ ਦੀਆਂ ਫਸਲਾਂ



ਬਰਬਾਦ ਹੋ ਗਈਆਂ ਹਨ ਅਤੇ ਘਰਾਂ ਵਿਚ ਪਾਣੀ ਵੜਨ ਨਾਲ ਘਰੇਲੂ ਸਮਾਨ ਨੁਕਸਾਨਿਆ ਗਿਆ ਹੈ। ਇਸ ਤੋਂ ਇਲਾਵਾ, ਪਸ਼ੂਆਂ ਦੇ ਹਰੇ ਚਾਰੇ ਦੀ ਕਮੀ ਅਤੇ ਭਾਰੀ ਜਾਨੀ-ਮਾਲੀ ਨੁਕਸਾਨ ਹੋਇਆ ਹੈ। ਇਸ ਹਾਲਾਤਾਂ ਨੂੰ ਵੇਖਦੇ ਕਿਹਾ ਕਿ ਅਜਿਹੇ ਸਮੇਂ ਸਮੁੱਚੇ ਪੰਜਾਬੀਆਂ ਨੂੰ ਪਾਰਟੀ ਬਾਜ਼ੀ ਛੱਡ ਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਕੇ ਆਪਣੇ ਪੰਜਾਬੀ ਭਰਾਵਾਂ ਦੀ ਮਦਦ ਕਰਨ ਦੀ ਜ਼ਰੂਰਤ ਹੈ। ਡਿਪਟੀ ਸਪੀਕਰ ਰੌੜੀ ਵਲੋਂ ਸਾਰੇ ਆਗੂਆਂ, ਵਰਕਰਾਂ ਤੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਸਾਰੇ ਵੱਧ ਤੋਂ ਵੱਧ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਜਾ ਕੇ ਪੀੜਤ ਭਰਾਵਾਂ ਦੀ ਸਾਨੂੰ ਵੱਧ ਤੋਂ ਵੱਧ ਸਹਾਇਤਾ ਕਰਨੀ ਚਾਹੀਦੀ ਹੈ।ਇਨ੍ਹਾਂ ਕਿਹਾ ਅੱਜ ਗੜ੍ਹਸ਼ੰਕਰ ਬਲਾਕ ਤੋਂ ਵੱਖ ਵੱਖ ਹੜ੍ਹ ਨਾਲ ਹੋਏ ਪ੍ਰਵਾਵਿਤ ਇਲਾਕਿਆਂ ਵਿੱਚ ਖਾਣ ਵਾਲੀਆਂ ਵਾਸਤਾ ਸਮੱਗਰੀ ਭੇਜੀ ਗਈ ਅਤੇ ਇਨ੍ਹਾਂ ਵਲੋਂ ਆਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਜੋ ਹੜ੍ਹ ਪੀੜਤਾਂ ਦੀ ਮੱਦਦ ਲਈ ਅੱਗੇ ਆ ਰਹੇ ਹਨ।

# ਨਵਾਂਸ਼ਹਿਰ ਹਲਕੇ ਵਿੱਚ ਹੜ੍ਹ ਤੋਂ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ : ਡਾ ਨਛੱਤਰ ਪਾਲ ਐਮ ਐਲ ਏ








**ਨਵਾਂਸ਼ਹਿਰ ( ਚਰਨਜੀਤ ਸੱਲ੍ਹਾਂ )** ਡਾ ਨਛੱਤਰ ਪਾਲ ਐਮ ਐਲ ਏ ਨਵਾਂਸ਼ਹਿਰ ਨੇ ਪਿੰਡ ਮਲਪੁਰ ਵਿਧਾਨ ਸਭਾ ਨਵਾਂ ਸ਼ਹਿਰ ਵਿਖੇ ਬਹੁਤ ਸਾਰੇ ਘਰਾਂ ਦਾ ਨੁਕਸਾਨ ਬਰਸਾਤ ਨਾਲ ਹੋਇਆ ਸਾਰੇ ਪਰਿਵਾਰਾਂ ਨਾਲ ਮਿਲ ਕੇ ਉਹਨਾਂ ਨੂੰ ਹੌਸਲਾ ਦਿਤਾ ਅਸੀਂ ਤੁਹਾਡੇ ਹਰ ਦੁੱਖ ਸੁੱਖ ਦੇ ਵਿੱਚ ਨਾਲ ਹਾਂ ਸੁਰਜੀਤ ਮੱਲਪੁਰੀ ਜੀ ਗੁਰਮੀਲ ਰਾਮ ਜੀ ਜਿਨਾਂ ਦੇ ਘਰਾਂ ਦਾ ਜਿਆਦਾ ਨੁਕਸਾਨ ਹੋਇਆ ਉਹਨਾਂ ਨੂੰ ਬਹੁਜਨ ਸਮਾਜ ਪਾਰਟੀ ਵੱਲੋਂ ਮਾਲੀ ਮਦਦ ਵੀ ਕੀਤੀ ਗਈ ਅਤੇ ਨਵਾਂਸ਼ਹਿਰ ਦੇ ਹਲਕੇ ਵਿੱਚ ਅੱਜ ਡਾ ਨਛੱਤਰ ਪਾਲ ਐਮ ਐਲ ਏ ਨੇ ਪਿੰਡਾਂ ਦੌਰਾ ਕੀਤਾ ਅਤੇ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਨੂੰ ਮਿਲੇ। ਸਰਬਜੀਤ ਸਿੰਘ ਜਾਫਰਪੁਰੀ, ਐਡਵੋਕੇਟ ਰਾਜ ਕੁਮਾਰ, ਐਡਵੋਕੇਟ ਮੁਕੇਸ਼ ਬਾਲੀ, ਸੁਰਜੀਤ ਕਰੀਹਾ ਉਨ੍ਹਾਂ ਦੇ ਨਾਲ ਸਨ।

# ਅਦਾਕਾਰ ਗ੍ਰਾਹਮ ਗਰੀਨ ਦਾ ਦੇਹਾਂਤ

**ਵੈਨਕੂਵਰ (ਮਲਕੀਤ ਸਿੰਘ)–** 1990 ਚ ਸੁਪਰ ਹਿੱਟ ਹੋਈ ਫਿਲਮ ' ਡਾਂਸ ਵਿਦ ਵੇਵਜ' ਚ 'ਕਿਕਿੰਗ ਬਰਡ ' ਦਾ ਸ਼ਾਨਦਾਰ ਕਿਰਦਾਰ ਨਿਭਾਉਣ ਕਾਰਨ ਚਰਚਿਤ ਹੋਏ ਅਦਾਕਾਰ ਗ੍ਰਾਹਮ ਗਰੀਨ ਦਾ ਦਿਹਾਂਤ ਹੋ ਗਿਆ ਹੈ। ਉਹਨਾਂ ਨੇ 73 ਸਾਲਾਂ ਦੀ ਉਮਰ ਚ ਟੋਰੰਟੋ ਦੇ ਇੱਕ ਹਸਪਤਾਲ ਚ ਆਖਰੀ ਸਾਹ ਲਿਆ ਉਹ ਪਹਿਲੇ ਪਿਛਲੇ ਕੁਝ ਅਰਸੇ ਤੋ ਬਿਮਾਰ ਚਲੇ ਆ ਰਹੇ ਸਨ ਸਵ ਗ੍ਰਾਹਮ ਗਰੀਨ ਕਨੇਡਾ ਦੇ ਫਸਟ ਨੇਸ਼ਨ ਭਾਈਚਾਰੇ ਨਾਲ ਸੰਬੰਧਿਤ ਸਨ। ਫਿਲਮਾਂ ਚ ਵਧੀਆ ਕਿਰਦਾਰ ਅਦਾ ਕਰਨ ਕਰਕੇ ਉਹਨਾਂ ਨੂੰ ਅਕੈਡਮੀ ਅਵਾਰਡ ਲਈ ਨਾਮਜਦ ਕੀਤਾ ਗਿਆ ਸੀ।



**ਅਦਾਕਾਰ ਗ੍ਰਹਮ ਗਰੀਨ ਦੀ ਇੱਕ ਤਸਵੀਰ।**

ਫਿਲਮਾਂ ਤੋਂ ਇਲਾਵਾ ਪ੍ਰਮੁੱਖ ਟੀਵੀ ਸੀਰੀਅਲਾਂ ਚ ਉਹਨਾਂ ਵੱਲੋਂ ਨਿਭਾਈਆਂ ਗਈਆਂ ਯਾਦਗਾਰੀ ਭੂਮਿਕਾਵਾਂ ਕਾਰਨ ਉਹਨਾਂ ਨੇ ਦਰਸ਼ਕਾਂ ਦੇ ਦਿਲਾਂ ਵਿੱਚ ਆਪਣੀ ਅਹਿਮ ਪਛਾਣ ਸਥਾਪਿਤ ਕੀਤੀ ਸੀ।

# ਪੰਜਾਬ ਵੱਸਦਾ ਗੁਰਾਂ ਦੇ ਨਾਅ 'ਤੇ



ਇਹ ਯੋਧੇ ਪੰਜਾਬ ਦੇ ਪਿੱਛੇ ਪੈਰ ਨਾ ਪਾਉਂਦੇ ਨੇ।
ਮਦਦ ਲਈ ਯੋਧੇ ਵੀਰੋ ਕਿਵੇਂ ਅੱਗੇ ਆਉਂਦੇ ਨੇ।
ਖੜ ਜਾਣ ਸੀਨੇ ਤਣ ਮੱਥਾ ਸਮੇਂ ਨਾਲ ਲਾਉਂਦੇ ਨੇ।
ਕੀਤੇ ਵਾਅਦੇ ਪੂਰੇ ਕਰਦੇ ਨਾ ਪਿੱਠ ਵਿਖਾਉਂਦੇ ਨੇ।
ਧਰਤੀ ਮਾਂ ਦੇ ਜਾਏ ,ਔਖ ਨਾਲ ਮੱਥਾ ਲਾਉਂਦੇ ਨੇ।
ਦੀਨ ਦੁਖੀਆਂ ਦੀ ਕਰ ਸੇਵਾ, ਨਾਮ ਕਮਾਉਂਦੇ ਨੇ।
ਪਹਿਲਾਂ ਕਿਸੇ ਨੂੰ ਕੁਝ ਨਾ ਕਹਿੰਦੇ ਗਲੇ ਲਾਉਂਦੇ ਨੇ।
ਚੜ੍ਹ ਕੇ ਆਏ ਨੂੰ ਏਹ ਤਾਂ ਨਾਨੀ ਚੇਤੇ ਕਰਵਾਉਂਦੇ ਨੇ।
ਆਜ਼ਾਦ ਇਹਨਾਂ ਦੀ ਦਿੱਖ ਨਿਰਾਲੀ ਦੁਨੀਆ ਜਾਣੇ।
ਆਪ ਭੁੱਖ ਕੱਟ ਲੈਣਗੇ ਦੂਜੇ ਦੇ ਦੁੱਖ ਤੋਂ ਨਾ ਅਨਜਾਣੇ।
ਸਦਾ ਮੇਹਰ ਦਾਤੇ ਦੀ ਓਟ ਤਕਾ ਏਹ ਲੱਕ ਬੰਨ੍ਹ ਤੁਰਦੇ।
ਮੀਂਹਾਂ ਧੁਪਾਂ ਵਿਚ ਆਮ ਜੂਝਦੇ ਯੋਧੇ ਕਦੇ ਨਹੀਂ ਖੁਰਦੇ।
'ਆਜ਼ਾਦ' ਦੁਆਵਾਂ ਕਰਦਾ ਦਾਤਾ ਅਪਣੀ ਮੇਹਰ ਕਰੇ।
ਏਸ ਔਖ ਵਿੱਚੋਂ ਨਿਕਲ ਸਾਰੇ ਵੀਰ ਪਰਤ ਜਾਣ ਘਰੇ।

**ਰਣਜੀਤ ਸਿੰਘ ਆਜ਼ਾਦ ਕਾਂਝਲਾ**

**9464697781**

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:

# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

... ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੂਗਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ... (Sciatica), ਬਦਹਜ਼ਮੀ (Indigestion), ... (Heart Burning) ..., ਕਬਜ਼ੀ (Constipation), ਬਵਾਸੀਰ (Piles) ..., (Haemorrhoids), ਅਫ਼ਾਰਾ (Flatulence), ਪੀਲੀਆ ਰੋਗ (Jaundice), ... (Hepatitis), ... (Hernia), ਬਲੱਡ ਪ੍ਰੈਸ਼ਰ (Blood Presure High or Low), ... ਮੁਟਾਪਾ (Obesity), ... (Migraine), ਵਾਲਾਂ ਦਾ ਟੁੱਟਣਾ (Hair Falling) ... (Alopecia), ... (Acne), ... (Pigmentation), ... (Bleeding Gums & Pyorrhoea), ... (Tinnitis) ..., (Vertigo), ... (Anaemia), ... (Neuralgia), ... (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖ਼ਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA, ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ਮਾਨਸਿਕ ਤਣਾਅ, ਥਕਾਵਟ, ਉਨੀਂਦਾ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

### ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

... (AZOOSPERMIA), ... (HYDROCELE), ... (GONORRHOEA), ... (PROSTATE GLAND) ... (SYPHILIS) ... SPERMATIC ... (VARICOCELE) ...

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

... INFORMATION, ... 1 ਮਹੀਨੇ ਦੀ ਕੀਮਤ

ਨੁਸਖਾ ਨੰਬਰ 1 (IN TABLETS) : ... (PIGMENTATION WHITE SPOTS) ... ਇਕ ਮਹੀਨੇ ਦੀ ਕੀਮਤ -- £69
ਨੁਸਖਾ ਨੰਬਰ 2 (IN CAPSULES OR IN PEARLS) : ... PROPER SHAPE ... £89
ਨੁਸਖਾ ਨੰਬਰ 3 (IN CAPSULES) : ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) : ... (FLABBY & OUT OF SHAPE BELLY) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES) : ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS): ... SEXUAL DISCOMFORT ... VAGINAL LUBRICATION GEL (MAGIC) --- £49
ਨੁਸਖਾ ਨੰਬਰ 7 (IN CAPSULES) : ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES): ... - £59
ਨੁਸਖਾ ਨੰਬਰ 9 (IN CAPSULES) ... - £59
ਨੁਸਖਾ ਨੰਬਰ 10 (IN CAPSULES) : ... GUARANTEED GOOD QUALITY SLEEP ... £59
ਨੁਸਖਾ ਨੰਬਰ 11 (IN TABLETS): ... (ANAEMIA) ... £49

### ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

... (Dysmenorrhoea), ... (Atrophy of Mammae) ... (Mastitis), ... (Uterus) ... (Physometra) ... (Fibroid Uterine), ... (Diseases of Ovaries), ... (Ovarian Cysts), ... (Vaginimus), ... (Vaginitis), ... (Frigidity), ... (Prutitis), ... (Sterility), ... (Miscarriage) ... (Diseases of Post Partum) ... (Menopause Disorders) ...

**ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।**

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.), (A.P.) AND (NUTRL.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), ਟੌਂਸਿਲ (Tonsilits), ... (Worms), ... (Enuresis), ... (Wheezing Problem), ... (Eczema), ... (Psoriasis), ... (Anaemia), ... (Backward Children), ... (Rickets), ਮਿਰਗੀ (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES | (IN OINTMENT) - ... | £19 |
| NURALACO | (IN OINTMENT OR LOTION) --- ... | £19 |
| CHILLAGA | (IN OINTMENT OR LOTION) --- ... | £19 |
| ARNSTRA | (IN OINTMENT) ------ ... (SPRAINS) ... (BED SORES) ... | £19 |
| BELINFLA | (IN OIL OR OINTMENT) --- ... | £19 |
| BELULCE | (IN OIL) --- ... ULCERS ... | £19 |
| BRYJOIN | (IN OIL) --- ... | £19 |
| CALWOUN | (IN OIL OR OINTMENT) --- ... | £19 |
| BURCAN | (IN LOTION OR OINTMENT) --- ... | £19 |
| ROUTUM | (IN OINTMENT) --- ... | £19 |
| JOINRHU | (IN OIL) --- ... | £19 |
| ABSSIL | (IN LOTION) --- ... | £19 |
| ITCSUL | (IN OIL) --- ... | £19 |
| WARTHU | (IN OIL) --- ... (WARTS) ... | £19 |

* HOMOEOPATHIC HEALTH CLINIC ... (ਹਰ ਆਰਡਰ ਨਾਲ £10 ਪੈਕਿੰਗ ਤੇ ਪੋਸਟੇਜ ਲਈ)

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ਹੋਰ ਜਾਣਕਾਰੀ ਲਈ ਫੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRL.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਬੁੱਧ ਚਿੰਤਨ: ਮੇਰਾ ਜੇਠ ਲੂਈਂ ਕੰਡਿਆਈ ਫਿਰੇ, ਇਹਨੂੰ ਮੂੰਹ ਖੋਰ ਹੋਇਆ ਲੱਗਦਾ ਨੀਂ!

ਸਿਆਣੇ ਆਖਦੇ ਕਿ ਜ਼ਿੰਦਗੀ ਰੇਲ ਗੱਡੀ ਦੀ ਲਾਈਨ ਵਾਂਗ ਸਿੱਧੀ ਨਹੀਂ ਹੁੰਦੀ। ਇਹ ਤਾਂ ਪਹਾੜੀ ਰਸਤੇ ਵਰਗੀ ਹੁੰਦੀ ਹੈ। ਪਹਾੜਾਂ ਉਪਰ ਉਹ ਹੀ ਚੜ੍ਹ ਸਕਦਾ ਐ, ਜਿਸਦੇ ਪੱਟਾਂ ਵਿੱਚ ਜ਼ੋਰ ਹੋਵੇ ਤੇ ਹੌਸਲਾ ਬੁਲੰਦ ਹੋਵੇ। ਬਗੈਰ ਹੌਸਲੇ ਦੇ ਖਾਲਾ ਨੀਂ ਟੱਪਿਆ ਜਾਂਦਾ, ਕੰਧ ਟੱਪ ਕੇ ਬੇਰ ਕੋਈ ਕੋਈ ਤੋੜ ਸਕਦਾ ਐ। ਉਂਝ ਟੁੱਟਣ ਵਾਲੀ ਚੀਜ਼ ਨੇ ਇੱਕ ਦਿਨ ਟੁੱਟਣਾ ਹੀ ਹੁੰਦਾ ਹੈ। ਉਹ ਕੱਚ ਦਾ ਭਾਂਡਾ ਹੋਵੇ ਜਾਂ ਜ਼ਿੰਦਗੀ ਦਾ ਘੜਾ। ਘੜੇ ਦਾ ਰਿਸ਼ਤਾ ਮਨੁੱਖ ਹਰ ਪਲ ਰਹਿੰਦਾ ਹੈ। ਉਂਝ ਧਰਤੀ ਉੱਤੇ ਰਹਿੰਦਾ ਕੁੱਝ ਨਹੀਂ। ਯਾਦਾਂ ਰਹਿ ਜਾਂਦੀਆਂ ਹਨ, ਉਹ ਵੀ ਖੱਟੀਆਂ ਮਿੱਠੀਆਂ।ਖੱਟੇ ਮਿੱਠੇ ਜਾਮਣੂੰ ਖਾਣੇ ਸੌਖੇ ਨਹੀਂ ਹੁੰਦੇ, ਕੱਚੇ ਘੜੇ ਉਤੇ ਤਰਨਾ ਪੈਂਦਾ ਐ। ਤਾਰੂ ਬੰਦੇ ਹੀ ਡੁੱਬਦੇ ਹਨ। ਪਾਣੀ ਵਿੱਚ ਛਾਲ ਮਾਰਨ ਨਾਲ ਡੁੱਬਿਆ ਨਹੀਂ ਜਾ ਸਕਦਾ। ਡੁੱਬ ਕੇ ਮਰਨ ਲਈ ਚੱਪਣੀ ਬਹੁਤ ਹੁੰਦੀ ਹੈ। ਝੂਠ ਨੂੰ ਸੱਚ ਬਣਾ ਕੇ ਵੇਚਿਆ ਤਾਂ ਜਾ ਸਕਦਾ ਹੈ ਪਰ ਦੁਕਾਨਦਾਰੀ ਨੀਂ ਚਲਾਈ ਜਾ ਸਕਦੀ। ਅੱਜ ਕੱਲ੍ਹ ਦੁਕਾਨ ਚਲਾਉਣ ਲਈ ਸਮਾਨ ਦੀ ਲੋੜ ਨਹੀਂ ਰਿਸ਼ਤਿਆਂ ਨੂੰ ਵੇਚਿਆ ਤੇ ਖਰੀਦਿਆ ਜਾ ਸਕਦਾ ਹੈ। ਅੱਜ ਕੱਲ੍ਹ ਰਿਸ਼ਤਿਆਂ ਨੂੰ ਵੇਚਣ ਤੇ ਖਰੀਦਣ ਦਾ ਰਿਵਾਜ਼ ਬਣ ਗਿਆ ਐ। ਕੋਈ ਸੋਚ ਵੇਚਦਾ ਅਤੇ ਕੋਈ ਜਿਸਮ। ਸੱਚ ਵੇਚਣਾ ਔਖਾ ਹੈ, ਝੂਠ ਛੇਤੀਂ ਵਿਕਦਾ ਐ। ਅੰਨ੍ਹਿਆਂ ਨੂੰ ਚਸ਼ਮੇ ਦੇਣ ਨਾਲ ਦਿਖਣ ਨਹੀਂ ਲੱਗਦਾ। ਗੰਜਿਆਂ ਨੂੰ ਕੰਘੇ ਵੇਚ ਕੇ ਜ਼ੁਲਫ਼ਾਂ ਨਹੀਂ ਦਿੱਤੀਆਂ ਜਾਂਦੀਆਂ। ਸੁਰਮਾ ਪਾਉਣਾ ਸੌਖਾ ਹੈ ਪਰ ਮਟਕਾਉਣਾ ਕਿਸੇ ਕਿਸ਼ੇ ਨੂੰ ਆਉਂਦਾ ਐ। ਸੱਚ ਦਾ ਪੈਂਡਾ ਔਖਾ ਹੁੰਦਾ ਸਰ ਕਰ ਹੁੰਦਾ ਐ। ਜ਼ਿੰਦਗੀ ਵਿੱਚ ਸੱਚ ਬੋਲਣਾ ਔਖਾ ਐ। ਸੱਚ ਬੋਲਣਾ, ਸੱਚ ਲਿਖਣਾ, ਸੱਚ ਸੁਣਨਾ, ਸੱਚ ਲਈ ਕੁਰਬਾਨ ਹੋਣਾ ਬੜਾ ਔਖਾ ਮਾਰਗ ਹੈ। ਅਸੀਂ ਝੂਠ ਬੋਲਣਾ ਤੇ ਸੁਣਨਾ ਹੀ ਪਸੰਦ ਕਰਦੇ ਹਾਂ। ਅਸੀਂ ਕਦੇ ਵੀ ਚਾਹੁੰਦੇ ਨਹੀਂ ਕਿ ਅਸੀਂ ਸੱਚ ਆਖੀਏ। ਸੱਚ ਨੂੰ ਤਲੀ ਉੱਤੇ ਰੱਖਕੇ ਤੁਰਨਾ ਬੜਾ ਔਖਾ ਕੰਮ ਹੈ। ਤੁਰਨ ਤੇ ਰੀਂਗਣ ਵਿੱਚ ਫ਼ਰਕ ਹੁੰਦਾ ਹੈ, ਪਰ ਅਸੀਂ ਇਹ ਫ਼ਰਕ ਨਹੀਂ ਸਮਝਦੇ। ਅਸੀਂ ਬਹੁਤਾ ਸਮਾਂ ਭਰਮ-ਭੁਲੇਖਿਆਂ ਵਿੱਚ ਹੀ ਗੁਜ਼ਾਰ ਦਿੰਦੇ ਹਾਂ। ਅਸੀਂ ਬਹੁਤੇ ਧਰਤੀ ਉੱਤੇ ਰੀਂਗਦੇ ਹੀ ਹਾਂ, ਉਂਝ ਅਸੀਂ ਤੁਰਨ ਦਾ ਭਰਮ ਪਾਲੀ ਰੱਖਦੇ ਹਾਂ। ਤੁਰਨ ਲਈ ਸਾਨੂੰ ਲੱਤਾਂ ਦੀ ਨਹੀਂ, ਸੋਚ ਦੀ ਲੋੜ ਹੁੰਦੀ ਹੈ। ਸੋਚ ਇੱਕ ਦਿਨ ਵਿੱਚ ਪੈਦਾ ਨਹੀਂ ਹੁੰਦੀ। ਸੋਚ ਪੈਦਾ ਕਰਨ ਲਈ ਸਾਧਨਾ ਕਰਨੀ ਪੈਂਦੀ ਹੈ। ਅਧਿਐਨ ਕਰਨਾ ਪੈਂਦਾ ਹੈ।ਅਸੀਂ ਸਾਧਨਾ ਕਰਨੀ ਭੁੱਲਦੇ ਜਾ ਰਹੇ ਹਾਂ। ਅਸੀਂ ਕਿਰਤ ਨਹੀਂ ਕਰਦੇ। ਇੱਕ ਦਿਨ ਵਿੱਚ ਹੀ ਅਮੀਰ ਹੋਣ ਦੀ ਉਡੀਕ ਵਿੱਚ ਸੌਖੇ ਤਰੀਕੇ ਲੱਭਦੇ ਹਾਂ ਤੇ ਭੱਜੇ ਰਹਿੰਦੇ ਹਾਂ। ਸੱਚ ਜਾਣਨ ਦੀ ਸਾਡੇ ਅੰਦਰ ਹਿੰਮਤ ਮਰ ਗਈ ਹੈ। ਇਸ ਮਰਨ ਦੇ ਚੱਕਰ ਵਿੱਚ ਅਸੀਂ ਉਲਝ ਗਏ ਹਾਂ। ਅਸੀਂ ਆਪਣੀ ਉਲਝਣ ਹੱਲ ਕਰਨ ਦੇ ਲਈ ਨਰਕ ਭਰੀ ਜ਼ਿੰਦਗੀ ਬਸਰ ਕਰਨ ਲੱਗਦੇ ਹਾਂ। ਸੱਚ ਲਿਖਣਾ ਤੇ ਬੋਲਣਾ, ਸੀਸ ਤਲੀ ਉੱਤੇ ਧਰਨਾ ਹੁੰਦਾ ਹੈ। ਸੀਸ ਤਲੀ ਉੱਤੇ ਧਰ ਕੇ ਲਿਖਣ ਦੀ ਸ਼ਕਤੀ ਹਰ ਕਿਸੇ ਹਿੱਸੇ ਨਹੀਂ ਆਉਂਦੀ। ਸੀਸ ਤਲੀ ਉੱਤੇ ਉਹੀ ਰੱਖ ਸਕਦਾ ਹੈ, ਜਿਸਨੂੰ ਜ਼ਿੰਦਗੀ ਨਾਲ ਇਸ਼ਕ ਹੋਵੇ। ਇਸ਼ਕ ਉਹੀ ਵਿਅਕਤੀ ਕਰਦਾ ਹੈ, ਜਿਸਨੂੰ ਸੀਸ ਤਲੀ ਤੇ ਰੱਖਣ ਦਾ ਵਲ ਹੋਵੇ। ਅਸੀਂ ਬਹੁਤੇ ਚੀਚੀ ਨੂੰ ਲਹੂ ਲਾ ਕੇ ਸ਼ਹੀਦ ਹੋਣ ਦੇ ਭਰਮ ਵਿੱਚ ਸਿਰ ਉੱਚਾ ਕਰਕੇ ਤੁਰਦੇ ਹਾਂ। ਅਸੀਂ ਮਰਨਾ ਨਹੀਂ, ਮਾਰਨ ਵਿੱਚ ਵਿਸ਼ਵਾਸ ਰੱਖਦੇ ਹਾਂ। ਅਸੀਂ ਸੁਪਨੇ ਬਹੁਤ ਵੇਖਦੇ ਹਾਂ, ਪਰ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਦਾ ਕਾਰਜ ਨਹੀਂ ਕਰਦੇ। ਅਸੀਂ ਭਗਤ ਸਿੰਘ ਦੀ ਨਕਲ ਤਾਂ ਕਰਦੇ ਹਾਂ, ਪਰ ਭਗਤ ਸਿੰਘ ਵਰਗਾ ਬਨਣ ਦੀ ਕੋਸ਼ਿਸ਼ ਨਹੀਂ ਕਰਦੇ। ਅਸੀਂ ਉਸਦੀ ਵਿਚਾਰਧਾਰਾ ਨੂੰ ਵੀ ਨਹੀਂ ਮੰਨਦੇ। ਅਸੀਂ ਭਗਤ ਸਿੰਘ ਹੋਣ ਦਾ ਦੰਭ ਰਚਦੇ ਹਾਂ, ਪਰ ਉਸ ਵਾਂਗ ਸੀਸ ਤਲੀ ਉੱਤੇ ਰੱਖ ਕੇ ਨਹੀਂ ਤੁਰਦੇ। ਮੌਤ ਮਨੁੱਖ ਦੀ ਜ਼ਿੰਦਗੀ ਦਾ ਅੰਤਮ ਸਿਰਨਾਵਾਂ ਨਹੀਂ ਹੁੰਦੀ। ਅਸੀਂ ਉਸ ਮੌਤ ਦਾ ਦੁੱਖ ਮਨਾਉਂਦੇ ਹਾਂ, ਜਿਹੜੀ ਮੌਤ ਅਚਾਨਕ ਆਉਂਦੀ ਹੈ। ਮੌਤ ਕਦੇ ਵੀ ਅਚਾਨਕ ਨਹੀਂ ਆਉਂਦੀ। ਮੌਤ ਆਉਣ ਦੇ ਕਾਰਨ ਬਣਦੇ ਹਨ। ਅਸੀਂ ਕਾਰਨਾਂ ਦੀ ਜਾਚ ਨਹੀਂ ਕਰਦੇ। ਸਗੋਂ ਮੌਤ ਦਾ ਸੋਗ ਮਨਾਉਂਦੇ ਹਾਂ। ਅਸੀਂ ਨਿੱਤ ਮਰਦੇ ਹਾ। ਪਲ-ਪਲ ਮਰਦੇ ਹਾਂ। ਹਰ ਸਾਹ ਮਰਦੇ ਹਾਂ, ਪਰ ਇਸਨੂੰ ਅਸੀਂ ਮੌਤ ਨਹੀਂ ਸਮਝਦੇ, ਜਿਹੜੇ ਮੌਤ ਨੂੰ ਅੰਤਮ ਜੰਗ ਮੰਨਦੇ ਹਨ। ਅਸਲ ਵਿੱਚ ਉਹ ਜ਼ਿੰਦਗੀ ਦੀ ਜੰਗ ਦੇ ਹਾਰ ਚੁੱਕੇ ਘੋੜੇ ਹੁੰਦੇ ਹਨ। ਮੌਤ ਦਾ ਸਿਰਨਾਵਾਂ ਆਪਣੇ ਮੱਥੇ ਉੱਤੇ ਲਿਖਣ ਵਾਲੇ ਕਦੇ ਵੀ ਮਰਦੇ ਨਹੀਂ, ਉਹ ਤਾਂ ਸਦੀਆਂ ਤੱਕ ਮਨੁੱਖਾਂ ਦੇ ਚੇਤਿਆਂ ਦੀ ਸਰਦਲ ਉੱਤੇ ਉਕੇਰ ਜਾਂਦੇ ਹਨ। ਹਰ ਕੋਈ ਆਪਣੇ ਲਈ ਕਮਾਉਂਦਾ ਤੇ ਮਰਦਾ ਹੈ। ਉਸਦੀ ਮੌਤ ਜਾਂ ਕਮਾਈ ਨੂੰ ਕੋਈ ਯਾਦ ਨਹੀਂ ਕਰਦਾ। ਜਿਹੜੇ ਕਿਸੇ ਕੌਮ ਤੇ ਲੋਕਾਂ ਲਈ ਮਰਦੇ ਹਨ। ਉਨਾਂ ਦੀ ਮੌਤ ਜ਼ਿੰਦਗੀ ਵਿੱਚ ਬਦਲ ਜਾਂਦੀ ਹੈ। ਕਈ ਮਰਕੇ ਜ਼ਿੰਦਗੀ ਜਿਉਂਦੇ ਹਨ। ਕਈ ਜਿਉਂਦੇ ਹੀ ਮਰ ਜਾਂਦੇ ਹਨ। ਅਸੀਂ ਜਿਉਂਦੇ ਮਰੇ ਹੋਏ ਆ! ਉਨ੍ਹਾਂ ਨੂੰ ਕੋਈ ਯਾਦ ਨਹੀਂ ਕਰਦਾ। ਯਾਦ ਅਸੀਂ ਉਨ੍ਹਾਂ ਨੂੰ ਹੀ ਕਰਦੇ ਹਾਂ, ਜੋ ਯਾਦ ਕਰਨ ਦੀ ਉਡੀਕ ਦਿੰਦਾ ਹੈ। ਉਡੀਕ ਕਰਨੀ ਬੜੀ ਔਖੀ ਹੈ। ਅਸੀਂ ਉਡੀਕ ਵਿੱਚ ਭਟਕ ਜਾਂਦੇ ਹਾਂ, ਜਾਂ ਫਿਰ ਮਰ ਜਾਂਦੇ ਹਾਂ। ਸੱਚ ਦੀ ਸਰਦਲ ਉੱਤੇ ਕੋਈ ਹੀ ਦਸਤਕ ਦਿੰਦਾ ਹੈ। ਪਿਆਰ ਅਸੀਂ ਦੂਸਰੇ ਨੂੰ ਨਹੀਂ ਕਰਦੇ। ਖ਼ੁਦ ਨੂੰ ਪਿਆਰ ਕਰਦੇ ਹਾਂ। ਦੂਸਰੇ ਨੂੰ ਪਿਆਰ ਕਰਕੇ ਅਸੀਂ ਆਪਣੇ ਪਿਆਰ ਦਾ ਇਜ਼ਹਾਰ ਕਰਦੇ ਹਾਂ। ਪਿਆਰ ਕਰਨਾ ਤੇ ਪਿਆਰ ਵਿੱਚ ਜਿਉਣਾ ਸੌਖਾ ਕੰਮ ਨਹੀਂ। ਸੱਚ ਦੇ ਬੂਹੇ ਅਤੇ ਬਾਰੀਆਂ ਦੇ ਮੂਹਰੇ ਝੂਠ ਦਾ ਢੇਰ ਰਹਿੰਦਾ ਹੈ। ਉਹ ਸੱਚ ਨੂੰ ਜਾਨਣ ਵਾਲਿਆਂ ਦਾ ਵੈਰੀ ਹੁੰਦਾ ਹੈ। ਸੱਚ ਨੂੰ ਸਦਾ ਜ਼ਹਿਰ ਮਿਲਦੀ ਹੈ। ਜ਼ਹਿਰ ਇਹ ਹਰ ਕਿਸੇ ਨੂੰ ਨਹੀਂ ਨਸੀਬ ਹੁੰਦੀ। ਜ਼ਹਿਰ ਪੀਣ ਲਈ ਸੱਚ ਦੇ ਮਾਰਗ ਤੇ ਤੁਰਨਾ ਪੈਂਦਾ ਹੈ। ਇਹ ਮਾਰਗ ਸੁੱਖਾਂ ਦੀ ਤਲਾਸ਼ ਵਾਲਿਆਂ ਦੇ ਹਿੱਸੇ ਨਹੀਂ ਆਉਂਦਾ। ਜਦੋਂ ਅਸੀਂ ਆਪਣੀ 'ਮੈਂ' ਵਿੱਚ ਹੁੰਦੇ ਹਾਂ, ਉਦੋਂ ਅਸੀਂ ਨਫ਼ਰਤ ਦੀ ਪੰਡ ਨੂੰ ਭਾਰੀ ਕਰਦੇ ਹਾਂ। ਇਹ ਨਫ਼ਰਤ ਦੀ ਪੰਡ ਸਾਨੂੰ ਬ੍ਰਿਹੋਂ ਦਾ ਸੇਕ ਲਗਾਉਂਦੀ ਹੈ। ਬ੍ਰਿਹੋਂ ਦੇ ਸੇਕ ਵਿੱਚ ਸੜਨਾ ਸੌਖਾ ਨਹੀਂ ਹੁੰਦਾ। ਦੂਸਰੇ ਦੇ ਮੋਢਿਆਂ ਉੱਤੇ ਚੜ੍ਹ ਕੇ ਅਸੀਂ ਦਰਿਆ ਤਾਂ ਪਾਰ ਕਰ ਸਕਦੇ ਹਾਂ ਪਰ ਅਸੀਂ ਬ੍ਰਿਹੋਂ ਦਾ ਸੇਕ ਨਹੀਂ ਜਰ ਸਕਦੇ। ਸੱਚ ਜਾਣਨ ਦੀ ਇੱਛਾ ਤਾਂ ਹੁੰਦੀ ਹੈ, ਪਰ ਅਸੀਂ ਸੱਚ ਦੇ ਵਪਾਰੀ ਨਹੀਂ ਬਣਦੇ। ਸੱਚ ਤੇ ਮੁਹੱਬਤ ਬਹੁਤ ਪਾਕਿ ਹੁੰਦੀ ਹੈ। ਅਸੀਂ ਇਸ ਪਾਕਿ ਤੇ ਪਵਿੱਤਰ ਸੋਚ ਨੂੰ ਮਹਿਜ਼ ਦੇਹ ਨਾਲ ਜੋੜ ਲਿਆ ਹੈ। ਦੇਹ ਦੇ ਨਾਲ ਜੁੜਨਾ ਵੀ ਸੋਚ ਨੂੰ ਪਾਉਣਾ ਹੁੰਦਾ ਹੈ। ਪਰ ਅਸੀਂ ਜਦੋਂ ਪਿਆਰ ਨੂੰ ਵਪਾਰ ਸਮਝਣ ਲੱਗਦੇ ਹਾਂ ਉਹ ਪਿਆਰ ਨਹੀਂ ਰਹਿੰਦਾ। ਸਿਆਸਤ, ਪਿਆਰ ਅਤੇ ਜੰਗ ਵਿੱਚ ਸਭ ਜਾਇਜ਼ ਹੁੰਦਾ ਹੈ। ਵਪਾਰੀ ਬੰਦੇ ਪਿਆਰ ਵਿੱਚੋਂ ਖਟਦੇ ਹਨ। ਭੋਲੇ-ਭਾਲੇ ਬੰਦੇ ਪਿਆਰ ਵਿੱਚ ਜਾਨ ਕੁਰਬਾਨ ਕਰ ਦਿੰਦੇ ਹਨ। ਬੁੱਲੇ ਨੇ ਜਦ ਸੱਚ ਬੋਲਿਆ ਸੀ, ਉਸਨੂੰ ਸਜ਼ਾ ਮਿਲੀ ਸੀ। ਸੁਕਰਾਤ ਨੇ ਸੱਚ ਬੋਲਿਆ ਸੀ ਤਾਂ ਜ਼ਹਿਰ ਦਾ ਪਿਆਲਾ ਮਿਲਿਆ ਸੀ। ਜ਼ਹਿਰ ਦਾ ਪਿਆਲਾ ਨਸੀਬ ਕਰਨ ਲਈ ਸੱਚ ਦੇ ਲੜ ਲੱਗਣਾ ਪੈਂਦਾ ਹੈ। ਹੁਣ ਜਦੋਂ ਚਾਰੇ ਪਾਸੇ ਝੂਠ ਦਾ ਬੋਲਬਾਲਾ ਹੈ। ਝੂਠ ਦੇ ਢੋਲ ਵੱਜ ਰਹੇ ਹਨ। ਅਸੀਂ ਹਰ ਪਾਸੇ ਝੂਠ ਦਾ ਮੰਦਰ ਉਸਾਰ ਲਿਆ ਹੈ। ਅਸੀਂ ਧਰਮ ਨੂੰ ਝੂਠ ਦੇ ਲੜ ਲਾ ਦਿੱਤਾ ਹੈ। ਧਰਮ ਨੂੰ ਹਨੇਰੇ ਵੱਲ ਤੋਰ ਲਿਆ ਹੈ। ਧਰਮ ਨੂੰ ਵਪਾਰ ਬਣਾ ਲਿਆ ਹੈ। ਸੱਚ ਦੇ ਨਾਂਅ ਹੇਠ ਅਸੀਂ ਸੱਚਾ ਸੌਦਾ ਵੇਚਣ ਦਾ ਦੰਭ ਕਰਦੇ ਹਾਂ, ਪਰ ਅਸੀਂ ਖ਼ੁਦ ਝੂਠ ਬੋਲਦੇ ਹਾਂ ਤੇ ਦੂਸਰੇ ਨੂੰ ਸੱਚ ਬੋਲਣ ਦੀ ਨਸੀਹਤ ਦਿੰਦੇ ਹਾਂ। ਸੱਚ ਬੋਲਣ ਲਈ ਜੁਰਅਤ ਦੀ ਲੋੜ ਹੈ। ਸ਼ਕਤੀ ਦੀ ਲੋੜ ਹੁੰਦੀ ਹੈ। ਪਰ ਸਾਡੇ ਅੰਦਰੋਂ ਸੱਚ ਬੋਲਣ ਦੀ ਤਾਕਤ ਖ਼ਤਮ ਹੋ ਗਈ ਹੈ। ਅਸੀਂ ਝੂਠ ਬੋਲਣ ਤੇ ਸੁਣਨ ਦੇ ਆਦੀ ਹੋ ਗਏ ਹਾਂ। ਸੱਚ ਬੋਲਣ ਨਾਲ ਹੁਣ ਭਾਂਬੜ ਮੱਚਦੇ ਹਨ। ਸਾਡੇ ਅੰਦਰ ਸੱਚ ਲਿਖਣ ਦੀ ਦਲੇਰੀ ਕਦੋਂ ਆਵੇਗੀ? ਇਹ ਦਲੇਰੀ ਕਦੇ ਆਵੇਗੀ ਵੀ ਜਾਂ ਫਿਰ ਨਹੀਂ? ਜਿਸ ਦੀ ਹੁਣ ਬਹੁਤ ਜਰੂਰਤ ਹੈ! ਇਸ ਸਮੇਂ ਜਾਗਣ ਤੇ ਸੱਚ ਬੋਲਣ ਤੇ ਝੂਠ ਦੇ ਖਿਲਾਫ ਜੰਗ ਲੜਨ ਦੀ ਲੋੜ ਹੈ! ਨਹੀਂ ਤੇ ਆਉਣ ਵਾਲੀਆਂ ਸਾਨੂੰ ਮੁਆਫ਼ ਨਹੀਂ ਕਰਨਗੀਆਂ! ਜਾਗੋ ਵੀਰੋ ਜਾਗੋ ! ਲਾਓ ਮਨ ਦੀਆਂ ਮੰਮਟੀਆਂ ਭਰਮ ਦੀ ਗਰਦ, ਪਛਾਣੀਏ ਜ਼ਿੰਦਗੀ ਦੇ ਫ਼ਰਜ਼। ! ਜਗਾਓ ਸੁੱਤੀਆਂ ਜ਼ਮੀਰਾਂ ਨੂੰ, ਝੂਠ ਦੀ ਬੁਕਲ ਨੂੰ ਉਤਾਰ ਦਿਓ! ਹੁਣ ਹੱਕਾਂ ਦੀ ਰਾਖੀ ਲਈ ਆਰ ਪਾਰ ਦੀ ਲੜਾਈ ਲੜਨੀ ਪੈਣੀ ਐ। ਜਦੋਂ ਪੰਜਾਬ ਨੂੰ ਲੁੱਟਣ ਵਾਲੀਆਂ ਸਿਆਸੀ ਪਾਰਟੀਆਂ ਇਕਮੁੱਠ ਹੋ ਸਕਦੀਆਂ ਹਨ ਤਾਂ ਹਰ ਵੇਲੇ ਲੁੱਟੇ ਜਾਣ ਵਾਲੇ ਲੋਕ, ਮੁਲਾਜ਼ਮ, ਕਿਰਤੀ ਕਿਸਾਨ ਯੂਨੀਅਨਾਂ ਕਿਉਂ ਨੀ ਇਕੱਠੇ ਹੋ ਕੇ ਸਾਂਝਾ ਸੰਘਰਸ਼ ਜਾਰੀ ਕਰਦੇ? ਇਹ ਸਵਾਲ ਅੱਜ ਸਾਰੀਆਂ ਹੀ ਸਮਾਜਿਕ ਸੁਰੱਖਿਆ ਦੀ ਜੰਗ ਲੜ ਰਹੀਆਂ ਜਥੇਬੰਦੀਆਂ ਤੇ ਯੂਨੀਅਨਾਂ ਦੇ ਆਗੂਆਂ ਤੋਂ ਜਵਾਬ ਮੰਗਦਾ ਹੈ ? ਸਵਾਲ ਤਾਂ ਹੋਰ ਵੀ ਹਨ ਜੋ ਜਵਾਬ ਮੰਗਦੇ ਹਨ....ਜੇ ਸਰਕਾਰੀ ਅਦਾਰੇ ਬੰਦ ਹੋਏ ਨੇ ਮੁਲਾਜ਼ਮ ਵਰਗ ਦਾ ਕੋਈ ਕਸੂਰ ਨਹੀਂ ? ਜਿਹੜੇ ਲੋਕਾਂ ਨੂੰ ਦੋਵੇਂ ਹੱਥੀਂ ਲੁੱਟ ਦੇ ਰਹੇ ! ਕਦੇ ਆਪਣੇ ਆਪ ਨੂੰ " ਲੋਕ ਸੇਵਕ " ਨਾ ਮੰਨਿਆ ਸਗੋਂ ..ਸਰ. ਨਵਾਬ ਬਣੇ ਰਹੇ! ਹੁਣ ਹਾਲਤ ਕਰੇ ਕੋਈ ਭਰੇ ਕੋਈ ..ਹੁਣ ਲੋਕ ਰੌਂਦੇ ਹਨ! ਜ਼ਿੰਦਗੀ ਦੇ ਸਫ਼ਰ ਵਿੱਚ ਐਨਾ ਸੱਚ ਬੋਲੋ ਕਿ ਦੂਸਰੇ ਦੀ ਹਿੱਕ ਫ਼ੱਟ ਜਾਵੇ। ਦੁੱਖ ਇਹ ਹੈ ਕਿ ਅਸੀਂ ਝੂਠ ਬੋਲਣ ਦੇ ਆਦੀ ਹੋ ਗਏ ਹਾਂ। ਕਦੋਂ ਤੱਕ ਇਹ ਸਿਲਸਿਲਾ ਚੱਲਦਾ ਰਹੇਗਾ? ਅੱਜਕਲ੍ਹ ਝੂਠ ਦਾ ਵਪਾਰ ਕਰਨ ਵਾਲਿਆਂ ਨੇ ਦੁਕਾਨਦਾਰੀ ਚਲਦੀ ਰੱਖਣ ਲਈ ਜ਼ਿੰਦਗੀ ਤੇ ਕਿਰਤ ਦੇ ਸਿਧਾਂਤ ਨੂੰ ਛਿੱਕੇ ਟੰਗ ਕੇ ਵੇਚਣਾ ਸ਼ੁਰੂ ਕੀਤਾ ਹੋਇਆ ਹੈ। ਇਹ ਦੁਕਾਨਦਾਰੀ ਨੂੰ ਚਲਾਉਣ ਲਈ ਝੂਠ ਨੂੰ ਸੱਚ ਦਾ ਮੁਲੰਮਾਂ ਲਾ ਕੇ ਵੇਚਿਆ ਜਾ ਰਿਹਾ ਹੈ। ਅਸੀਂ ਇਸ ਝੂਠ ਨੂੰ ਖਰੀਦਣ ਲਈ ਪੱਬਾਂ ਭਾਰ ਹੋਏ ਆਂ। ਸੱਚ ਨੂੰ ਦਬਾਇਆ ਜਾ ਸਕਦਾ ਹੈ ਪਰ ਬਹੁਤੀ ਦੇਰ ਰੋਕਿਆ ਨਹੀਂ ਜਾ ਸਕਦਾ। ਸੱਚ ਸਦਾ ਭਾਂਬੜ ਬਣ ਕੇ ਰੌਸ਼ਨੀ ਦੇਂਦਾ ਐ।



ਬੁੱਧ ਸਿੰਘ ਨੀਲੋਂ
94643-70823

# ਨਿਹੁੰ ਨਾ ਲੱਗਦੇ ਜੋਰੀਂ (ਕਹਾਣੀ)

**(ਕਹਾਣੀ ਜੋੜਨ ਲਈ ਪਿਛਲਾ ਅੰਕ ਦੇਖੋ)**

ਗੀਤ ਪੂਰਾ ਹੋਇਆ ਤਾਂ ਸਾਰਿਆਂ ਨੇ ਖ਼ੂਬ ਤਾੜੀਆਂ ਵਜਾ ਕੇ ਉਸ ਦਾ ਸੁਆਗਤ ਕੀਤਾ। ਤਦ ਮੰਚ ਸੰਚਾਲਕਾ ਬੋਲੀ- "ਸਾਥੀਓ! ਗੀਤਾਂ ਦਾ ਆਨੰਦ ਆਪਾਂ ਖ਼ੂਬ ਮਾਣ ਰਹੇ ਆਂ। ਹੁਣ ਸਮੋਸੇ, ਗੁਲਾਬ ਜਾਮੁਨ ਤੇ ਚਾਹ ਆ ਗਈ ਐ। ਹਰਕੀਰਤ ਕੌਰ, ਰਣਜੀਤ ਕੌਰ ਗਿੱਲ, ਸੰਦੀਪ ਕੌਰ ਸਮੋਸੇ, ਗੁਲਾਬ ਜਾਮੁਨ ਵੰਡਣ ਦੀ ਸੇਵਾ ਨਿਭਾਉਣਗੀਆਂ। ਮੈਂ ਆਪਣੇ ਸਾਰਿਆਂ ਵੱਲੋਂ ਸ਼ਹਿਨਾਜ਼ ਦੀਦੀ ਨੂੰ ਉਹਦੇ ਵੀਰ ਜੀ ਦੀ ਸ਼ਾਦੀ ਦੀਆਂ ਬਹੁਤ ਸਾਰੀਆਂ ਵਧਾਈਆਂ ਦਿੰਦੀ ਹਾਂ। ਤੇ ਸਾਨੂੰ ਸਾਰਿਆਂ ਨੂੰ ਸ਼ਾਨਦਾਰ ਪਾਰਟੀ ਦੇਣ ਲਈ ਬਹੁਤ-ਬਹੁਤ ਧੰਨਵਾਦ ਕਰਦੀ ਹਾਂ।" ਸਾਰਿਆਂ ਨੇ ਪਾਰਟੀ ਦਾ ਖ਼ੂਬ ਆਨੰਦ ਮਾਣਿਆ। ਉਸ ਪਿੱਛੋਂ ਸਾਰੇ ਆਪੋ ਆਪਣੀ ਕਲਾਸ ਲਾਉਣ ਚਲੇ ਗਏ।

ਅਗਲੇ ਮਹੀਨੇ ਦੀ ਪੰਜ ਤਾਰੀਖ਼ ਤੋਂ ਸਲਾਨਾ ਪਰੀਖਿਆ ਆਰੰਭ ਹੋਣ ਜਾ ਰਹੀ ਸੀ। ਬਹੁਤੇ ਅਧਿਆਪਕ ਪੇਪਰਾਂ ਦੀ ਤਿਆਰੀ ਲਈ ਕਲਾਸ ਟੈਸਟ ਲੈ ਰਹੇ ਸਨ। ਲੈਕਚਰਾਰ ਹਰਪ੍ਰੀਤ ਸਿੰਘ ਢਿੱਲੋਂ ਆਪਣੇ ਕਮਰੇ ਵਿੱਚ ਬੈਠਾ ਐੱਮ.ਏ. ਦੀਆਂ ਟੈਸਟ ਕਾਪੀਆਂ ਚੈੱਕ ਕਰ ਰਿਹਾ ਸੀ। ਅੱਠ ਕਾਪੀਆਂ ਉਸ ਨੇ ਵੇਖ ਲਈਆਂ ਸਨ। ਉਸ ਨੇ ਅਗਲੀ ਕਾਪੀ ਚੁੱਕੀ। ਪਹਿਲਾ ਪੰਨਾ ਖੋਲ੍ਹਿਆ। ਵਿਦਿਆਰਥਣ ਨੇ ਬੜੇ ਸਲੀਕੇ ਨਾਲ਼ ਵਿਸ਼ਾ-ਸੂਚੀ ਬਣਾਈ ਹੋਈ ਸੀ। ਉਹ ਵੇਖ ਕੇ ਬੜਾ ਖ਼ੁਸ਼ ਹੋਇਆ। ਉਹ ਸਾਰੀ ਕਾਪੀ ਦੇ ਪੰਨੇ ਪਲਟ-ਪਲਟ ਕੇ ਦੇਖ ਰਿਹਾ ਸੀ। ਇੱਕ ਪੰਨੇ 'ਤੇ ਕਵਿਤਾ ਲਿਖੀ ਹੋਈ ਸੀ। ਜਦੋਂ ਅਚਾਨਕ ਉਸ ਦੀ ਨਜ਼ਰ ਪਈ ਤਾਂ ਉਸ ਨੇ ਇੱਕੋ ਸਾਹੇ ਸਾਰੀ ਕਵਿਤਾ ਪੜ੍ਹ ਲਈ। ਸਾਰੀ ਕਵਿਤਾ ਰੁਮਾਂਟਿਕਤਾ ਦੇ ਭਾਵਾਂ ਨਾਲ ਭਰੀ ਹੋਈ ਸੀ। ਉਸ ਤੋਂ ਅਗਲਾ ਵਰਕਾ ਪਲਟਿਆ ਤਾਂ ਦਿਲ ਦੀ ਆਕ੍ਰਿਤੀ ਬਣਾਈ ਹੋਈ ਸੀ। ਇੱਕ ਤੀਰ ਉਸ ਦੇ ਆਰ ਪਾਰ ਦਿਖਾਇਆ ਗਿਆ ਸੀ। ਦਿਲ ਦੀ ਆਕ੍ਰਿਤੀ ਦੇ ਇੱਕ ਪਾਸੇ ਆਰ.ਕੇ. ਲਿਖਿਆ ਹੋਇਆ ਸੀ ਤੇ ਦੂਜੇ ਪਾਸੇ ਐੱਚ.ਐੱਸ.ਡੀ. ਲਿਖਿਆ ਸੀ। ਅਚਾਨਕ ਉਸ ਦੇ ਚਿਹਰੇ 'ਤੇ ਇੱਕ ਮੁਸਕੁਰਾਹਟ ਆਈ। ਉਸ ਦੇ ਬੁੱਲ੍ਹਾਂ ਵਿੱਚੋਂ ਦੋ ਈ ਸ਼ਬਦ ਨਿੱਕਲੇ- "ਝੱਲੀ ਕੁੜੀ!" ਉਸ ਨੇ ਕਾਪੀਆਂ ਚੈੱਕ ਕਰਨੀਆਂ ਬੰਦ ਕਰ ਦਿੱਤੀਆਂ। ਤੇ ਅੱਖਾਂ ਬੰਦ ਕਰ ਕੇ ਕੁਝ ਸੋਚਣ ਲੱਗ ਪਿਆ।

ਅੱਜ ਉਨ੍ਹਾਂ ਦੀਆਂ ਪਹਿਲੀਆਂ ਦੋ ਘੰਟੀਆਂ ਲੱਗ ਚੁੱਕੀਆਂ ਸਨ। ਤੀਜੀ ਘੰਟੀ ਪ੍ਰੋ. ਦਰਸ਼ਨ ਜੀਤ ਸਿੰਘ ਦੀ ਸੀ। ਪਰੰਤੂ ਅੱਜ ਉਹ ਸਵੇਰ ਤੋਂ ਹੀ ਦਿਖਾਈ ਨਹੀਂ ਸੀ ਦਿੱਤੇ। ਰੁਪਿੰਦਰ ਤੇ ਰਣਜੀਤ ਕੌਰ ਗਿੱਲ ਦੋਵੇਂ ਲਾਇਬਰੇਰੀ ਚਲੀਆਂ ਗਈਆਂ। ਕਾਫ਼ੀ ਦੇਰ ਤੱਕ ਉਹ ਕਿਤਾਬਾਂ ਦੀ ਫੋਲਾ ਫਾਲੀ ਕਰਦੀਆਂ ਰਹੀਆਂ। ਰਣਜੀਤ ਨੇ ਮੈਕਸਿਮ ਗੋਰਕੀ ਦਾ ਨਾਵਲ "ਮਾਂ" ਅਤੇ ਰੁਪਿੰਦਰ ਨੇ ਕੰਵਲ ਇੰਦਰ ਸਿੰਘ ਦਾ ਲਿਖਿਆ ਨਾਵਲ "ਪ੍ਰੇਮਿਕਾ" ਆਪਣੇ ਨਾਂ ਜਾਰੀ ਕਰਵਾ ਲਿਆ ਸੀ। ਦੋਵੇਂ ਲਾਇਬਰੇਰੀ 'ਚੋਂ ਬਾਹਰ ਨਿੱਕਲੀਆਂ। ਅਚਾਨਕ ਰਣਜੀਤ ਬੋਲੀ- "ਰੂਪੀ, ਅਗਲੀ ਘੰਟੀ ਸ਼ੁਰੂ ਹੋਣ 'ਚ ਤਾਂ ਅਜੇ ਕਾਫ਼ੀ ਸਮਾਂ ਬਾਕੀ ਐ। ਚਾਹ ਪੀ ਕੇ ਚੱਲੀਏ!"

"ਜਿੱਥੇ ਚੱਲੇਂਗੀ, ਚੱਲੂੰਗਾ ਨਾਲ ਤੇਰੇ। ਟਿਕਟਾਂ ਦੋ ਲੈ ਲੀਂ।" ਰੁਪਿੰਦਰ ਮਸਤੀ ਕਰਦਿਆਂ ਬੋਲੀ।

"ਆਏ ਹਾਏ! ਮੈਂ ਸਦਕੇ! ਮੈਂ ਵਾਰੀ! ਅੜੀਏ! ਕਈ ਦਿਨਾਂ ਤੋਂ ਮੈਂ ਨੋਟ ਕਰ ਰਹੀ ਆਂ, ਤੂੰ ਮੈਨੂੰ ਆਪਣੇ ਆਪੇ ਵਿੱਚ ਹੀ ਨੀਂ ਲੱਗਦੀ। ਮੈਨੂੰ ਤਾਂ ਇਉਂ ਜਾਪਦੈ ਕਿ ਤੇਰੀਆਂ ਇਨ੍ਹਾਂ ਮੋਟੀਆਂ ਮੋਟੀਆਂ ਅੱਖਾਂ ਥਾਣੀਂ ਤੇਰੇ ਦਿਲ ਵਿੱਚ ਲੈਹਿ ਗਿਐ ਕੋਈ।" ਇੱਕ ਵਾਰੀ ਤਾਂ ਰੁਪਿੰਦਰ ਨੇ ਸਹੇਲੀ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਤੱਕਿਆ। ਫ਼ੇਰ ਉਹਨੇ ਨੀਵੀਂ ਪਾ ਲਈ।

"ਰੂਪੀ, ਤੂੰ ਚੱਲ ਕੇ ਉਸ ਬੈਂਚ 'ਤੇ ਬੈਠ। ਮੈਂ ਚਾਹ ਲਈ ਕਹਿ ਕੇ ਆਉਨੀ ਆਂ।" ਰਣਜੀਤ ਉਸ ਦਾ ਉੱਤਰ ਉਡੀਕੇ ਬਿਨਾਂ ਕੰਟੀਨ ਵੱਲ ਤੁਰ ਪਈ ਸੀ। ਪੰਜ ਮਿੰਟ ਬਾਅਦ ਉਹ ਵੀ ਮੁੜ ਆਈ ਸੀ। ਹੁਣ ਦੋਵੇਂ ਸਹੇਲੀਆਂ ਇੱਕ ਦੂਜੀ ਵੱਲ ਮੂੰਹ ਕਰਕੇ ਬੈਂਚ 'ਤੇ ਬੈਠੀਆਂ ਸਨ।

"ਰੂਪੀ ਤੈਨੂੰ ਪਤੈ, ਮੈਂ ਪਾਮਿੱਸਟਰੀ 'ਤੇ ਬਹੁਤ ਕਿਤਾਬਾਂ ਪੜ੍ਹੀਐਂ।"

"ਅੱਛਾ ਜੀ! ਕਮਾਲ ਐ! ਜੇ ਤੂੰ ਏਡੀ ਓ ਮਾਹਿਰ ਐਂ, ਤਾਂ ਮੇਰਾ ਹੱਥ ਵੇਖ। ਤੇ ਮੈਨੂੰ ਦੱਸ ਕਿ ਮੇਰਾ ਭਵਿੱਖ ਕਿਹੋ ਜਿਹਾ ਹੈ? ਜਿਸ ਨੂੰ ਮੈਂ ਪਿਆਰ ਕੀਤਾ ਹੈ, ਕੀ ਉਹੀ ਮੇਰਾ ਜੀਵਨ ਭਰ ਦਾ ਹਾਣੀ ਬਣੇਗਾ?"

"ਹੂੰ, ਭਲਾਂ ਇਹ ਕਿੱਡੀ ਕੁ ਗੱਲ ਐ!" ਹੁਣ ਤੱਕ ਰਣਜੀਤ ਨੇ ਕੁੜੀ ਦਾ ਹੱਥ ਆਪਣੇ ਹੱਥ ਵਿੱਚ ਫੜ ਲਿਆ ਸੀ। ਉਸ ਨੇ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਉਹਦੀ ਹਥੇਲੀ 'ਤੇ ਤਿੰਨ ਗੋਲ ਚੱਕਰ ਬਣਾਏ। ਤੇ ਬੋਲੀ- "ਮੇਰੇ ਗਿਆਨ ਦੀ ਰੌਸ਼ਨੀ ਤੋਂ ਤਾਂ ਇਹੋ ਜਾਪਦੈ ਕਿ ਤੇਰਾ ਵਿਆਹ ਪਟਿਆਲੇ ਸ਼ਹਿਰ ਵਿੱਚ ਹੋਣ ਵਾਲੈ। ਤੇ ਉਹ ਬਹੁਤ ਸੋਹਣਾ ਸੁਨੱਖਾ ਗੁਰਸਿੱਖ ਸਰਦਾਰ ਮੁੰਡੈ। ਤੂੰ ਦਿਨ ਰਾਤ ਉਹਦੇ ਖ਼ਿਆਲਾਂ 'ਚ ਖੋਈ ਰਹਿਨੀ ਐਂ।"

"ਹਾਏ ਮੇਰੀ ਜਾਨ! ਤੇਰੇ ਮੂੰਹ 'ਚ ਘਿਓ ਸ਼ੱਕਰ। ਜੀਤਾਂ ਪਿਆਰੀਏ! ਤੇਰੇ ਬੋਲ ਪੂਰੇ ਹੋਣ, ਮੈਂ ਤਾਂ ਤੇਰੇ ਪੈਰ ਧੋ-ਧੋ ਪੀਆ ਕਰਾਂਗੀ।"

"ਬੀਬੀ ਜੀ, ਤੁਹਾਡੀ ਚਾਹ।" ਰਾਜੂ ਚਾਹ ਦੇ ਕੱਪ ਬੈਂਚ 'ਤੇ ਰੱਖ ਕੇ ਵਾਪਸ ਮੁੜ ਰਿਹਾ ਸੀ। ਦੋਵਾਂ ਕੁੜੀਆਂ ਨੇ ਚੁਸਕੀਆਂ ਲੈ ਲੈ ਕੇ ਚਾਹ ਦਾ ਸੁਆਦ ਮਾਣਿਆ। ਤੇ ਫ਼ੇਰ ਉਹ ਵਿਭਾਗ ਵੱਲ ਤੁਰ ਪਈਆਂ। ਉਹ ਅਜੇ ਬਰਾਂਡੇ ਵਿੱਚ ਪਹੁੰਚੀਆਂ ਹੀ ਸਨ। ਉਸੇ ਵੇਲੇ ਕਰਮ ਸਿੰਘ ਨੇ ਰੁਪਿੰਦਰ ਵੱਲ ਉਂਗਲੀ ਕਰ ਕੇ ਕਿਹਾ- "ਡਾ. ਢਿੱਲੋਂ ਤੁਹਾਨੂੰ ਬੁਲਾ ਰਹੇ ਨੇ।"

"ਜੀ।" ਰੁਪਿੰਦਰ ਨੇ ਸੇਵਾਦਾਰ ਨੂੰ ਜੀ ਕਹਿ ਕੇ ਜਿਵੇਂ ਉਸ ਦਾ ਧੰਨਵਾਦ ਕੀਤਾ ਹੋਵੇ। ਰਣਜੀਤ ਨੇ ਉਸੇ ਵੇਲੇ ਸਹੇਲੀ ਦੀਆਂ ਅੱਖਾਂ ਵਿੱਚ ਅੱਖਾਂ ਪਾਉਂਦਿਆਂ ਸ਼ਰਾਰਤ ਨਾਲ਼ ਆਪਣੇ ਹੇਠਲੇ ਬੁੱਲ੍ਹ ਨੂੰ ਦੰਦਾਂ ਨਾਲ ਟੁੱਕਿਆ। ਤੇ ਨਾਲ ਹੀ ਉਸ ਨੇ ਖੱਬੀ ਅੱਖ ਦੱਬ ਦਿੱਤੀ। "ਜਾਹ ਅੜੀਏ ਜਾਹ! ਸੰਤਾਂ ਦੇ ਬੋਲ ਪੂਰੇ ਹੋਣ ਜਾ ਰਹੇ ਐ!"

ਰੂਪੀ ਨੇ ਆਪਣੇ ਸੱਜੇ ਹੱਥ ਦੀ ਪਹਿਲੀ ਉਂਗਲ ਆਪਣੇ ਹੋਂਠਾਂ 'ਤੇ ਰੱਖ ਕੇ ਸਹੇਲੀ ਨੂੰ ਚੁੱਪ ਹੋਣ ਦਾ ਇਸ਼ਾਰਾ ਕੀਤਾ। ਹੁਣ ਉਹ ਢਿੱਲੋਂ ਸਰ ਦੇ ਕਮਰੇ ਵੱਲ ਤੇਜ਼ੀ ਨਾਲ ਜਾ ਰਹੀ ਸੀ। ਕਮਰੇ ਦੇ ਬਾਹਰ ਖੜ੍ਹ ਕੇ ਉਹ ਬੋਲੀ- "ਸਰ, ਕੀ ਮੈਂ ਅੰਦਰ ਆ ਸਕਦੀ ਹਾਂ?"

"ਆਓ! ਆਓ!"

"ਸਤਿ ਸ੍ਰੀ ਅਕਾਲ ਸਰ।"

"ਸਤਿ ਸ੍ਰੀ ਅਕਾਲ। ਬੈਠੋ।"

"ਜੀ ਸਰ।" ਉਹ ਬੜੀ ਸਹਿਜਤਾ ਨਾਲ ਕੁਰਸੀ 'ਤੇ ਬਹਿ ਗਈ ਸੀ। ਪਰੰਤੂ ਉਸ ਦੇ ਦਿਲ ਦੀ ਧੜਕਣ ਧੱਕ-ਧੱਕ ਕਰ ਰਹੀ ਸੀ।

"ਰੁਪਿੰਦਰ, ਮੇਰੀਆਂ ਨਜ਼ਰਾਂ ਵਿੱਚ ਤੂੰ ਪੜ੍ਹਨ ਵਾਲ਼ੀ ਲਾਇਕ ਕੁੜੀ ਹੈਂ। ਤੈਨੂੰ ਤੇਰੇ ਮਾਪਿਆਂ ਨੇ ਏਨੀਂ ਦੂਰ ਪੜ੍ਹਨ ਲਈ ਭੇਜਿਆ ਹੈ। ਪਹਿਲਾਂ ਪੜ੍ਹ ਲਿਖ ਕੇ ਕੁਝ ਬਣੋ। ਫ਼ੇਰ ਇਸ ਪਿਆਰ ਵਿਆਰ ਦੇ ਚੱਕਰ ਵਿੱਚ ਵੀ ਪੈ ਜਾਣਾ। ਪਰੰਤੂ ਇਸ ਵੇਲੇ ਤੇਰਾ ਸਾਰਾ ਧਿਆਨ ਤੇਰੀ ਪੜ੍ਹਾਈ 'ਤੇ ਹੀ ਕੇਂਦਰਿਤ ਹੋਣਾ ਚਾਹੀਦਾ ਹੈ। ਸਮਝ ਰਹੀ ਐਂ ਮੇਰੀ ਗੱਲ!"

"ਜੀ ਸਰ! ਮੈਂ ਤੁਹਾਡੀਆਂ ਗੱਲਾਂ ਬਹੁਤ ਧਿਆਨ ਨਾਲ ਸੁਣੀਆਂ ਹਨ। ਪਰੰਤੂ ਸਰ ਮੈਂ ਤੁਹਾਨੂੰ ਬਿਲਕੁਲ ਸੱਚ ਦੱਸ ਰਹੀ ਹਾਂ ਕਿ ਮੈਂ ਆਪਣੇ ਦਿਲ ਤੋਂ ਮਜਬੂਰ ਆਂ। ਸਕੂਲ ਕਾਲਜ ਪੜ੍ਹਦਿਆਂ ਕਈ ਮੁੰਡਿਆਂ ਨੇ ਮੇਰੇ ਨਾਲ ਨੇੜਤਾ ਵਧਾਉਣ ਲਈ ਪਹਿਲ ਕੀਤੀ ਸੀ। ਪਰੰਤੂ ਮੇਰੇ ਮਨ ਵਿੱਚ ਉਨ੍ਹਾਂ ਲਈ ਕੁਝ ਵੀ ਨਹੀਂ ਸੀ। ਉਦੋਂ ਮੇਰਾ ਸਾਰਾ ਧਿਆਨ ਆਪਣੀ ਪੜ੍ਹਾਈ ਵੱਲ ਤੇ ਸਾਹਿਤ ਸਿਰਜਣਾ ਵੱਲ ਲੱਗਿਆ ਹੋਇਆ ਸੀ। ਪਰੰਤੂ ਮੈਂ ਜਦੋਂ ਦਾ ਇੱਥੇ ਦਾਖ਼ਲਾ ਲਿਆ ਹੈ, ਮੇਰਾ ਮਨ ਪੜ੍ਹਾਈ ਵਿੱਚ ਬਿਲਕੁਲ ਨਹੀਂ ਲੱਗ ਰਿਹਾ। ਸਰ, ਇਹ ਮੇਰੇ ਵੱਸ ਦੀ ਗੱਲ ਨਹੀਂ ਹੈ ਜੀ। ਮੈਂ ਆਪਣੇ ਦਿਲ ਤੋਂ ਮਜਬੂਰ ਆਂ ਸਰ।"

"ਓਹ!!! ਤਾਂ ਇਹ ਗੱਲ ਐ! ਮਾਮਲਾ ਏਥੋਂ ਤੱਕ ਵੱਧ ਚੁੱਕੈ। ਠੀਕ ਐ, ਜਿਵੇਂ ਤੇਰੀ ਮਰਜ਼ੀ। ਪਿਆਰ ਤੇ ਪੜ੍ਹਾਈ ਇਕੱਠੇ ਵੀ ਤਾਂ ਚੱਲ ਸਕਦੇ ਹਨ। ਅੱਛਾ ਇਹ ਦੱਸੋ ਕਿ ਕੀ ਤੁਸੀਂ ਇਸ ਸੰਬੰਧੀ ਆਪਣੀ ਮੰਮੀ ਨਾਲ, ਰਿਸ਼ਤੇਦਾਰੀ ਵਿੱਚੋਂ ਕਿਸੇ ਭੈਣ ਨਾਲ ਜਾਂ ਆਪਣੀ ਕਿਸੇ ਸਹੇਲੀ ਨਾਲ਼ ਗੱਲ ਸਾਂਝੀ ਕੀਤੀ ਹੈ? ਜਾਂ ਨਹੀਂ?"

"ਨਹੀਂ ਸਰ, ਅਜੇ ਤੱਕ ਤਾਂ ਨਹੀਂ ਕੀਤੀ। ਮੈਂ ਚਾਹੁੰਦੀ ਆਂ ਕਿ ਪਹਿਲਾਂ ਉਨ੍ਹਾਂ ਦੇ ਮੂੰਹੋਂ 'ਹਾਂ' ਸੁਣ ਲਵਾਂ। ਫ਼ੇਰ ਹੀ ਆਪਣੇ ਮੰਮਾ ਨਾਲ਼ ਗੱਲ ਕਰਾਂਗੀ।"

"ਓਹ! ਤਾਂ ਇਹ ਗੱਲ ਐ। ਤੇਰੀ ਮੁੰਡੇ ਨਾਲ਼ ਤਾਂ ਗੱਲਬਾਤ ਹੋਈ ਹੋਵੇਗੀ। ਉਹ ਕੀ ਕਹਿੰਦੈ?"

"ਸਰ, ਉਨ੍ਹਾਂ ਨਾਲ ਗੱਲਬਾਤ ਤਾਂ ਮੇਰੀ ਕਈ ਵਾਰੀ ਹੋਈ ਐ। ਪਰੰਤੂ ਪਿਆਰ ਦੇ ਸੰਬੰਧ ਵਿੱਚ ਉਨ੍ਹਾਂ ਨਾਲ਼ ਕਦੇ ਕੋਈ ਗੱਲਬਾਤ ਨਹੀਂ ਹੋਈ। ਮੇਰਾ ਜਦੋਂ ਵੀ ਉਨ੍ਹਾਂ ਨਾਲ ਸਾਮ੍ਹਣਾ ਹੁੰਦੈ, ਮੇਰੇ ਦਿਲ ਦੀ ਧੜਕਣ ਬਹੁਤ ਤੇਜ਼ ਹੋ ਜਾਂਦੀ ਐ। ਅੱਜ ਬੜੀ ਮੁਸ਼ਕਲ ਨਾਲ਼ ਉਨ੍ਹਾਂ ਨੂੰ ਲਿਖਤੀ ਰੂਪ ਵਿੱਚ ਦੱਸਿਆ ਹੈ ਕਿ ਮੈਂ ਉਨ੍ਹਾਂ ਨੂੰ ਬੇਹੱਦ ਮੁਹੱਬਤ ਕਰਦੀ ਆਂ।"

"ਅੱਛਾ ! ਤਾਂ ਮੁੰਡਾ ਆਪਣੀ ਯੂਨੀਵਰਸਿਟੀ ਦਾ ਹੀ ਐ! ਬਹੁਤ ਖ਼ੂਬ। ਇਹ ਤਾਂ ਬਹੁਤ ਚੰਗੀ ਗੱਲ ਐ। ਇਕੱਠੇ ਪੜ੍ਹਦੇ ਰਹੋ ਤੇ ਪਿਆਰ ਵੀ ਕਰਦੇ ਰਹੋ। ਉਹ ਮੁੰਡਾ ਕਿਹੜੇ ਵਿਭਾਗ ਵਿੱਚ ਐ? ਤੇ ਕੀ ਕਰ ਰਿਹੈ?"

"ਸਰ, ਉਹ ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਐ।"

"ਮਤਲਬ?"

"ਸਰ, ਉਹ ਹੋਰ ਕੋਈ ਨਹੀਂ। ਸਰ ਤੁਸੀਂ ਹੀ ਹੋ, ਜੋ ਮੇਰੇ ਦਿਲ ਦਿਮਾਗ ਵਿੱਚ ਹਰ ਵਕਤ ਛਾਏ ਰਹਿੰਦੇ ਓ। ਮੈਂ ਜਦੋਂ ਤੋਂ ਏਥੇ ਦਾਖ਼ਲਾ ਲਿਆ ਹੈ। ਪਹਿਲੇ ਦਿਨ ਤੁਹਾਨੂੰ ਕਲਾਸ ਵਿੱਚ ਪੜ੍ਹਾਉਂਦਿਆਂ ਤੱਕਿਆ। ਤੁਹਾਡਾ ਪੜ੍ਹਾਉਣ ਦਾ ਦਿਲਚਸਪ ਨਿਵੇਕਲਾ ਢੰਗ, ਵਿਦਿਆਰਥੀਆਂ ਨਾਲ ਗੱਲਬਾਤ ਕਰਨ ਦਾ ਸਹਿਜਤਾ ਭਰਿਆ ਸਲੀਕਾ, ਤੁਹਾਡੀ ਨਿਰਛਲ ਤੱਕਣੀ, ਚਿਹਰੇ ਦੀ ਮਾਸੂਮੀਅਤ ਨੇ ਮੈਨੂੰ ਪਹਿਲੇ ਦਿਨ ਹੀ ਮੋਹ ਲਿਆ ਸੀ। ਸਰ, ਬੇਸ਼ੱਕ ਮੈਂ ਤੁਹਾਡੀ ਪੜ੍ਹਾਈ, ਲਿਆਕਤ, ਰੁੱਤਬੇ, ਮਾਨ ਸਨਮਾਨ ਦੇ ਮੁਕਾਬਲੇ ਤੁੱਛ ਜਿਹੀ ਕੁੜੀ ਹਾਂ, ਪਰੰਤੂ ਤੁਹਾਡੇ ਤੋਂ ਬਿਨਾਂ ਮੈਂ ਆਪਣੇ ਮਨ ਮੰਦਿਰ ਵਿੱਚ ਕਿਸੇ ਹੋਰ ਨੂੰ ਨਹੀਂ ਬਿਠਾ ਸਕਦੀ।" ਇੰਨਾਂ ਕਹਿ ਕੇ ਉਹ ਨੀਵੀਂ ਪਾ ਕੇ ਬੈਠ ਗਈ।

ਪ੍ਰੋਫ਼ੈਸਰ ਕੁਝ ਦੇਰ ਤੱਕ ਗੰਭੀਰਤਾ ਨਾਲ ਸੋਚਦਾ ਰਿਹਾ। ਫ਼ੇਰ ਉਹ ਬੋਲਿਆ- "ਝੱਲੀ ਕੁੜੀਏ! ਤੈਨੂੰ ਸ਼ਾਇਦ ਪਤਾ ਨਹੀਂ। ਮੈਂ ਤਾਂ ਵਿਆਹ ਨਾ ਕਰਾਉਣ ਦਾ ਫ਼ੈਸਲਾ ਕੀਤਾ ਹੋਇਆ ਹੈ।"


"ਕੋਈ ਗੱਲ ਨਹੀਂ ਸਰ। ਜੇਕਰ ਤੁਸੀਂ ਵਿਆਹ ਨਾ ਕਰਾਉਣ ਦਾ ਫ਼ੈਸਲਾ ਕੀਤਾ ਹੋਇਆ ਹੈ। ਤਾਂ ਅੱਜ ਤੋਂ ਮੈਂ ਵੀ ਇਹ ਪ੍ਰਣ ਕਰਦੀ ਹਾਂ ਕਿ ਵਿਆਹ ਕਰਾਵਾਂਗੀ ਤਾਂ ਤੁਹਾਡੇ ਨਾਲ ਹੀ ਕਰਾਵਾਂਗੀ। ਕਿਸੇ ਹੋਰ ਨਾਲ ਨਹੀਂ ਕਰਾਵਾਂਗੀ। ਕਦੇ ਵੀ ਨਹੀਂ ਕਰਾਵਾਂਗੀ।"

ਕੁੜੀ ਦੇ ਦ੍ਰਿੜ੍ਹਤਾ ਭਰੇ ਫ਼ੈਸਲੇ ਨੂੰ ਸੁਣ ਕੇ ਪ੍ਰੋਫ਼ੈਸਰ ਚੁੱਪ ਹੋ ਗਿਆ ਸੀ। ਕੁਝ ਪਲਾਂ ਬਾਅਦ ਉਹ ਮੁਸਕੁਰਾ ਕੇ ਬੋਲਿਆ- "ਠੀਕ ਐ ਰੁਪਿੰਦਰ। ਇਸ ਸੰਬੰਧੀ ਮੈਂ ਆਪਣੇ ਬੀਜੀ ਪਾਪਾ ਨਾਲ ਗੱਲ ਕਰਾਂਗਾ। ਉਹ ਜੋ ਵੀ ਫ਼ੈਸਲਾ ਕਰਨਗੇ, ਅਸੀਂ ਉਸ ਨੂੰ ਮੰਨਾਂਗੇ।" ਕੁੜੀ ਹੁਣ ਪ੍ਰੋਫ਼ੈਸਰ ਦੇ ਚਿਹਰੇ ਦੀ ਖ਼ੁਸ਼ੀ ਨੂੰ ਸਾਫ਼-ਸਾਫ਼ ਪੜ੍ਹ ਰਹੀ ਸੀ। ਉਹ ਸਤਿ ਸ੍ਰੀ ਅਕਾਲ ਬੁਲਾ ਕੇ ਬਾਹਰ ਆ ਗਈ। ਕੁੜੀਆਂ ਦੇ ਹੋਸਟਲ ਵੱਲ ਜਾਂਦਿਆਂ ਉਸ ਨੇ ਆਪਣੀ ਪਿਆਰੀ ਸਹੇਲੀ ਰਣਜੀਤ ਦਾ ਹੱਥ ਫੜ ਕੇ ਘੁੱਟ ਲਿਆ ਸੀ। ਪਹਿਲਾਂ ਤਾਂ ਉਹਦਾ ਜੀਅ ਕੀਤਾ ਕਿ ਆਪਣੀ ਖ਼ੁਸ਼ੀ ਨੂੰ ਕਿਲਕਾਰੀ ਮਾਰ ਕੇ ਪਰਗਟ ਕਰੇ। ਪਰੰਤੂ ਆਲ਼ੇ ਦੁਆਲ਼ੇ ਹੋਰ ਕੁੜੀਆਂ ਨੂੰ ਜਾਂਦਿਆਂ ਦੇਖ ਕੇ ਉਹਨੇ ਆਪਣੇ ਆਪ ਨੂੰ ਰੋਕ ਲਿਆ ਸੀ। ਬੇਸ਼ੱਕ ਉਹ ਆਪਣੀ ਖ਼ੁਸ਼ੀ ਨੂੰ ਅੰਦਰ ਹੀ ਲੁਕਾਅ ਰਹੀ ਸੀ। ਪਰ ਪਾਮਿੱਸਟਰੀ ਦੀ ਮਾਹਿਰ ਰਣਜੀਤ ਉਹਦੀਆਂ ਅੱਖਾਂ ਵਿੱਚੋਂ ਡੁੱਲ੍ਹ-ਡੁੱਲ੍ਹ ਪੈਂਦੀ ਖ਼ੁਸ਼ੀ ਨੂੰ ਸਾਫ਼ ਪੜ੍ਹ ਰਹੀ ਸੀ। ਕੁੜੀ ਨੇ ਉਹਦੀ ਖੱਬੀ ਵੱਖੀ 'ਤੇ ਚੂੰਡੀ ਭਰਦਿਆਂ ਪੁੱਛਿਆ- "ਰੂਪਾਂ, ਬੜਾ ਚਹਿਕ ਰਹੀ ਐਂ! ਗੱਲ ਕੀ ਐ ਯਾਰ?"

"ਓ ਮੇਰੀ ਪਿਆਰੀ ਜੀਤਾਂ, ਅੱਜ ਮੈਂ ਖ਼ੁਸ਼ ਆਂ। ਅੱਜ ਮੈਂ ਬਹੁਤ ਜ਼ਿਆਦਾ ਖ਼ੁਸ਼ ਆਂ। ਮੈਨੂੰ ਇੰਝ ਮਹਿਸੂਸ ਹੁੰਦੈ ਕਿ ਮੇਰੇ ਖੰਭ ਉੱਗ ਆਏ ਨੇ। ਤੇ ਮੈਂ ਉੱਚੇ ਅਸਮਾਨੀਂ ਉੱਡਦੀ ਜਾ ਰਹੀ ਆਂ।"

"ਬੁਝਾਰਤਾਂ ਈ ਪਾਈ ਜਾਏਂਗੀ, ਜਾਂ ਕੁਝ ਮੇਰੇ ਵੀ ਪੱਲੇ ਪਾਏਂਗੀ।"

"ਹਾਂ ਹਾਂ। ਤੂੰ ਹੀ ਤਾਂ ਮੇਰੀ ਹਮਰਾਜ਼ ਹੈਂ। ਤੈਨੂੰ ਹੀ ਤਾਂ ਸਾਰੀ ਗੱਲ ਦੱਸਣ ਲੱਗੀ ਆਂ। ਮੈਂ ਪਿਛਲੇ ਚਾਰ ਮਹੀਨਿਆਂ ਤੋਂ ਜਿਹੜਾ ਪਿਆਰ ਦਾ ਭੇਤ ਆਪਣੇ ਅੰਦਰ ਹੀ ਲੁਕਾਈ ਬੈਠੀ ਸਾਂ, ਅੱਜ ਉਸ ਦਾ ਭੇਤ ਮੇਰੇ ਪਿਆਰੇ ਪ੍ਰੀਤਮ ਅੱਗੇ ਖੁੱਲ੍ਹ ਗਿਆ ਹੈ। ਅੱਜ ਮੈਂ ਆਪਣਾ ਦਿਲ ਤੇਰੇ ਹੋਣ ਵਾਲ਼ੇ ਜੀਜਾ ਜੀ ਅੱਗੇ ਖੋਲ੍ਹ ਕੇ ਰੱਖ ਦਿੱਤਾ ਹੈ। ਅੱਜ ਮੈਂ ਬਹੁਤ ਖ਼ੁਸ਼ ਹਾਂ। ਬਹੁਤ ਜ਼ਿਆਦਾ ਖ਼ੁਸ਼ ਆਂ।" ਹੁਣ ਰਣਜੀਤ ਨੇ ਉਸ ਨੂੰ ਆਪਣੇ ਕਲਾਵੇ ਵਿੱਚ ਘੁੱਟ ਲਿਆ ਸੀ। ਅਗਲੇ ਐਤਵਾਰ ਪ੍ਰੋਫ਼ੈਸਰ ਤੇ ਉਹਦੇ ਬੀਜੀ ਪਾਪਾ ਨੇ ਅੰਮ੍ਰਿਤ ਵੇਲੇ ਗੁਰਦੁਆਰਾ ਦੁਖਨਿਵਾਰਨ ਸਾਹਿਬ ਅਰਦਾਸ ਕੀਤੀ। ਹੁਣ ਉਹਦੀ ਗੱਡੀ ਕਪੂਰਥਲੇ ਦੇ ਰਾਹ ਪੈ ਗਈ ਸੀ। **(ਸਮਾਪਤ)**



**ਡਾ. ਇਕਬਾਲ ਸਿੰਘ ਸਕਰੌਦੀ, ਸੰਗਰੂਰ।**
**84276-85020.**

# 18ਵਾਂ ਰਾਜ ਪੱਧਰੀ ਰਾਜ ਪੁਰਸਕਾਰ ਸਮਾਰੋਹ ਮੁਲਤਵੀ, ਹੜ੍ਹ ਪੀੜਤ ਪਿੰਡਾਂ ਨੂੰ ਗੋਦ ਲੈਣ ਦਾ ਐਲਾਨ

## ਲੋਕਾਂ ਦੀ ਮਦਦ ਕਰਨਾ ਹੀ ਸਾਡੀ ਸੰਸਥਾ ਦਾ ਮੁੱਖ ਉਦੇਸ਼ ਹੈ" – ਹਰਦੀਪ ਸਿੰਘ ਕਿੰਗਰਾ

**ਚੰਡੀਗੜ੍ਹ (ਰਮੇਸ਼ਵਰ ਸਿੰਘ )** ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ ਨੇ ਜਾਨੀ ਤੇ ਮਾਲੀ ਵੱਡਾ ਨੁਕਸਾਨ ਕੀਤਾ ਹੈ, ਜਿਸ ਨਾਲ ਹਰ ਪੰਜਾਬੀ ਦਾ ਦਿਲ ਦੁੱਖੀ ਹੈ। ਇਸ ਦੁੱਖਭਰੇ ਸਮੇਂ ਵਿੱਚ ਲੋਕਾਂ ਦੀ ਭਲਾਈ ਲਈ ਯਤਨਸ਼ੀਲ ਦੇਸ਼ ਦੀ ਪ੍ਰਮੁੱਖ ਸੰਸਥਾ *ਇੰਡਕ ਆਰਟਸ ਵੈਲਫੇਅਰ ਕੌਂਸਲ (ਇਆਂਛ) ਨੇ ਲੋਕਾਂ ਨਾਲ ਹਮਦਰਦੀ ਅਤੇ ਸੰਵੇਦਨਾ ਜਤਾਉਂਦਿਆਂ ਵੱਡਾ ਫੈਸਲਾ ਕੀਤਾ ਹੈ ਕਿ 10 ਸਤੰਬਰ 2025 ਨੂੰ ਕੋਟਕਪੂਰਾ ਵਿਖੇ ਹੋਣ ਜਾ ਰਿਹਾ "18ਵਾਂ ਰਾਜ ਪੱਧਰੀ ਰਾਜ ਪੁਰਸਕਾਰ ਸਮਾਰੋਹ" ਹੁਣ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਸੰਸਥਾ ਦੇ ਸਰਪ੍ਰਸਤ ਸ. ਹਰਦੀਪ ਸਿੰਘ ਕਿੰਗਰਾ (ਆਈਐਫਐਸ, ਰਿਟਾਇਰਡ) ਨੇ ਸਪਸ਼ਟ ਕਿਹਾ ਕਿ "ਜਦ ਤੱਕ ਪੰਜਾਬ ਖੁਸ਼ਹਾਲ ਤੇ ਸੁਖੀ ਨਹੀਂ ਹੋ ਜਾਂਦਾ, ਅਸੀਂ ਰਾਜ ਪੁਰਸਕਾਰ ਸਮਾਰੋਹ ਮਨਾਉਣ ਦੀ ਬਜਾਏ ਲੋਕਾਂ ਦੇ ਦੁੱਖ ਵਿੱਚ ਸਾਥ ਨਿਭਾਵਾਂਗੇ। ਲੋਕਾਂ ਦੇ ਦਰਦ ਵਿੱਚ ਖੜ੍ਹਨਾ ਹੀ ਸਾਡਾ




ਅਸਲ ਧਰਮ ਅਤੇ ਸਾਡੀ ਸੰਸਥਾ ਦਾ ਮੁੱਖ ਉਦੇਸ਼ ਹੈ।" ਉਹਨਾਂ ਨੇ ਕਿਹਾ ਕਿ ਕੌਂਸਲ ਵੱਲੋਂ ਹੜਾਂ ਕਰਕੇ ਪ੍ਰਭਾਵਿਤ ਹੋਏ ਕੁਝ ਪਿੰਡਾਂ ਨੂੰ ਅਡੋਪਟ ਕਰਕੇ ਉਥੇ ਰਾਹਤ ਅਤੇ ਪੁਨਰਵਾਸ ਕਾਰਜ ਸ਼ੁਰੂ ਕੀਤੇ ਜਾਣਗੇ। ਸੰਸਥਾ ਵੱਲੋਂ ਅਪਣਾਏ ਗਏ ਪਿੰਡਾਂ ਦੇ ਵਸਨੀਕਾਂ ਨੂੰ ਪੁੱਛ ਕੇ ਉਹਨਾਂ ਦੀ ਲੋੜ ਅਨੁਸਾਰ ਮਦਦ ਕੀਤੀ ਜਾਵੇਗੀ। ਮਦਦ ਵਿੱਚ ਫਸਲਾਂ ਲਈ ਬੀਜ, ਪਸ਼ੂਆਂ ਲਈ ਚਾਰਾ, ਦਵਾਈਆਂ , ਕੱਪੜੇ, ਰਾਸ਼ਨ ਤੇ ਫਰਨੀਚਰ ਆਦਿ ਲੋੜਵੰਦ ਸਮੱਗਰੀ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਪ੍ਰੋਫੈਸਰ ਬਾਈ ਭੋਲਾ ਯਮਲਾ ਨੇ ਦੇਸ਼-ਵਿਦੇਸ਼ ਦੀਆਂ ਸਾਰੀਆਂ ਸੰਸਥਾਵਾਂ ਅਤੇ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਵੀ ਇੱਕ-ਇੱਕ ਪਿੰਡ ਅਡੋਪਟ ਕਰਕੇ ਪੰਜਾਬ ਤੇ ਪੰਜਾਬੀਆਂ ਦੀ ਮਦਦ ਕਰਨ। ਭੋਲਾ ਯਮਲਾ ਨੇ ਸੰਸਥਾ ਦੇ ਆਪਣੇ ਮੈਂਬਰਾਂ, ਅਹੁਦੇਦਾਰਾਂ ਅਤੇ ਜ਼ਿਲ੍ਹਾ ਇਕਾਈਆਂ ਨੂੰ ਵਿਸ਼ੇਸ਼ ਅਪੀਲ ਕੀਤੀ ਹੈ ਕਿ ਉਹ ਆਪਣੇ ਖੇਤਰਾਂ ਵਿੱਚ ਹੜ੍ਹ ਪੀੜਤ ਪਰਿਵਾਰਾਂ ਦੀ ਮਦਦ ਲਈ ਅੱਗੇ ਆਉਣ। ਉਹਨਾਂ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਕਿ ਇੰਡਕ ਆਰਟਸ ਵੈਲਫੇਅਰ ਕੌਂਸਲ ਕੇਵਲ ਕਲਾ ਅਤੇ ਸੱਭਿਆਚਾਰ ਦੇ ਪ੍ਰਚਾਰ ਪ੍ਰਸਾਰ ਲਈ ਹੀ ਨਹੀਂ ਸਗੋਂ ਲੋਕਾਂ ਦੇ ਹਰ ਦੁੱਖ-ਸੁੱਖ ਵਿੱਚ ਸਾਥ ਨਿਭਾਉਣ ਲਈ ਯਤਨਸ਼ੀਲ ਹੈ। ਅੱਜ ਜਦੋਂ ਪੰਜਾਬੀ ਭਰਾ - ਭੈਣ ਮੁਸ਼ਕਲ ਵਿੱਚ ਹਨ, ਉਹਨਾਂ ਨਾਲ ਖੜ੍ਹਨਾ ਹੀ ਸਾਡਾ ਸਭ ਤੋਂ ਵੱਡਾ ਸਨਮਾਨ ਅਤੇ ਸੇਵਾ ਹੈ।

# ਗੁਰਮੁਖੀ ਦੇ ਵਾਰਿਸ ਗਰੁੱਪ ਵੱਲੋਂ ਦੋ ਪੁਸਤਕਾਂ ਲੋਕ ਅਰਪਣ ਤੇ ਸਨਮਾਨ ਸਮਾਗਮ








**ਸੰਗਰੂਰ (ਰਮੇਸ਼ਵਰ ਸਿੰਘ)** - ਪਿੱਛਲੇ ਦਿਨੀਂ "ਕਿਤਾਬ "ਪੰਜਾਬੀਅਤ" (ਗੁਰਮੁਖੀ ਦੇ ਵਾਰਿਸ ਭਾਗ-੪) ਅਤੇ ਕਿਤਾਬ "ਉਡਾਣ ੧੦੦ਵੀਂ ਵਾਰ" ਦਾ ਲੋਕ ਅਰਪਣ ਸਮਾਗਮ ਪਹਿਲੀ ਅਤੇ ਛੇਵੀਂ ਪਾਤਸ਼ਾਹੀ ਦੇ ਪਵਿੱਤਰ ਚਰਨ ਛੋਹ ਪ੍ਰਾਪਤ ਅਸਥਾਨ "ਗੁਰਦਆਰਾ ਸ੍ਰੀ ਨਾਨਕਿਆਣਾ ਸਾਹਿਬ" ਸੰਗਰੂਰ ਦੇ " ਗੁਰੂ ਨਾਨਕ ਨਿਵਾਸ " ਦੇ ਹਾਲ ਵਿਚ ਰਚਾਇਆ ਗਿਆ। ਪਹਿਲਾਂ ਸੰਪਾਦਕ ਸਰਦਾਰ ਰਮਨਦੀਪ ਸਿੰਘ ਦੇ ਸਪੁੱਤਰ ਅਕਾਲਬੀਰ ਸਿੰਘ ਦਾ ਪਹਿਲਾ ਜਨਮ ਦਿਨ ਵੀ ਗੁਰੂ ਸਾਹਿਬ ਦੀ ਆਗਿਆ ਲੈ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੀ ਛਾਵੇਂ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਕਰਦੇ ਹੋਏ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਰਬਾਂਗੀ ਲੇਖਕ " ਰਣਜੀਤ ਅਜ਼ਾਦ ਕਾਂਝਲਾ " ਅਤੇ ਰਿਟਾਇਰਡ ਲੈਕਚਰਾਰ "ਗੁਰਸ਼ਰਨ ਕੌਰ" ਜੀ ਸ਼ਾਮਿਲ ਹੋਏ। ਸ੍ਰੀ ਕਾਂਝਲਾ ਨੇ ਅਪਣੇ ਸੰਬੋਧਣ ਵਿਚ ਕਿਹਾ ਕਿ ਸ. ਰਮਨਦੀਪ ਸਿੰਘ ਉਹਨਾਂ ਅਣਗੌਲੀਆਂ ਕਲਮਾਂ ਦੀਆਂ ਰਚਨਾਵਾਂ ਨੂੰ ਸੋਧ ਕੇ ਕਿਤਾਬੀ ਰੂਪ ਪੇਸ਼ ਕਰ ਵੱਡਾ ਕਾਰਜ ਕਰਦਾ ਆ ਰਿਹਾ ਹੈ। ਮੰਚ ਸੰਚਾਲਕ ਪੁਸਤਕ ਸਰਦਾਰਨੀ ਰਾਜਵਿੰਦਰ ਕੌਰ ਨੇ * ਗੁਰਮੌਖੀ ਦੇ ਵਾਰਿਸ * ਕਿਤਾਬ ਦੇ ਹੁਣ ਤੱਕ ਦੇ ਸਫਰ 'ਤੇ ਚਾਨਣਾ ਪਾਇਆ।ਸ੍ਰੀ ਕਾਂਝਲਾ ਨੇ ਅਪਣੀਆਂ ਚੋਣਵੀਆਂ ਰਚਨਾਵਾਂ ਪੇਸ਼ ਕਰਕੇ ਵਾਹਵਾ ਮਾਣ ਸਤਿਕਾਰ ਖੱਟਿਆ। ਮੈਡਮ ਗੁਰਸ਼ਰਨ ਕੌਰ ਜੀ ਨੇ ਅਪਣੀ ਤਕਰੀਰ ਵਿਚ ਮਨੁੱਖ ਨੂੰ ਅਪਣਾ ਦਸਵੰਧ ਲੋੜਬੰਦ ਲੋਕਾਂ ਦੇ ਭਲੇ ਵਿਚ ਖਰਚ ਕਰ ਦੇਣਾ ਹੀ ਸਭ ਤੋਂ ਵੱਡਾ ਪੁੰਨ ਹੈ। ਸਮਾਗਮ ਵਿਚ ਪਹੁੰਚੇ ਲਿਖਾਰੀ ਸਾਹਿਬਾਨਾਂ ਵਿੱਚੋਂ ਅਮਨ ਕਾਲਾਬੂਲਾ, ਸੁਰਜੀਤ ਸੰਧੂ ਨੂਰਪੁਰਾ, ਰਾਜਵਿੰਦਰ ਕੌਰ ਗਿੱਲ (ਸਿਰਸਾ, ਹਰਿਆਣਾ) ਨੇ ਆਪਣੀਆਂ ਕਵਿਤਾਵਾਂ ਸੁਣਾ ਕੇ ਬਾਖ਼ੂਬੀ ਹਾਜ਼ਰੀ ਲਗਵਾਈ। ਸ. ਰਮਨਦੀਪ ਸਿੰਘ ਨੇ ਵੀ ਆਪਣੀ ਕਵਿਤਾ ਰਾਹੀਂ ਖ਼ੂਬ ਰੰਗ ਬੰਨ੍ਹਿਆ। ਸੰਪਾਦਕ ਦੇ ਸਾਕ-ਸੰਬੰਧੀਆਂ ਵਿਚ ਮਾਤਾ-ਪਿਤਾ ਸਰਦਾਰਨੀ ਮਨਜੀਤ ਕੌਰ ਅਤੇ ਸਰਦਾਰ ਬਲਜਿੰਦਰ ਸਿੰਘ (ਪੰਜਾਬ ਪੁਲਿਸ) , ਦਾਦੀ ਸ੍ਰੀਮਤੀ ਹਰਲਾਭ ਕੌਰ ਖਿੱਚ ਦਾ ਕੇਂਦਰ ਬਣੇ ਰਹੇ। ਹੋਰਨਾ ਤੋਂ ਇਲਾਵਾ ਧਰਮਪਾਲ ਸਿੰਘ (ਭਵਾਨੀਗੜ੍ਹ), ਸ. ਸੁਖਦੇਵ ਸਿੰਘ (ਸਿਰਸਾ, ਹਰਿਆਣਾ) ਨੇ ਆਪਣੇ ਸ਼ਬਦਾਂ ਰਾਹੀਂ ਸਮਾਗਮ ਅਤੇ ਸੰਪਾਦਕੀ ਕਾਰਜ ਦੀ ਖ਼ੂਬ ਸ਼ਲਾਘਾ ਕੀਤੀ। ਸਮਾਗਮ ਦੀ ਸਜਾਵਟ ਲਈ ਸਿਮਰਨ ਈਸ਼ਰ ਅਤੇ ਦਿਲਪ੍ਰੀਤ ਸਿੰਘ ਨੂੰ ਸਾਂਝੇ ਤੌਰ 'ਤੇ ਸਨਮਾਨਿਆ ਗਿਆ। ਸਮਾਗਮ ਦੇ ਅਖੀਰ ਵਿੱਚ ਸਰਦਾਰ ਰਮਨਦੀਪ ਸਿੰਘ ਦੇ ਗਾਇਨ ਕੀਤੇ ਬੋਲ - "ਪੰਜ ਆਬਾਂ ਵਾਲ਼ਾ ਅੰਮੀਏ, ਪੰਜਾਬ ਅੱਜ ਕਿੱਥੇ ਐ?...." ਹਰ ਦਿਲ ਵਿਚ ਘਰ ਕਰ ਗਏ। ਸਮਾਗਮ ਦੌਰਾਨ ਜਿੱਥੇ ਲੇਖਕਾਂ ਨੇ ਆਪਣੀ ਲਿਖਤਾਂ ਰਾਹੀਂ ਹਾਜ਼ਰੀ ਲਵਾਈ । ਉੱਥੇ ਹੀ ਸਰਦਾਰ ਰਮਨਦੀਪ ਸਿੰਘ ਵੱਲੋਂ ਸਭ ਦਾ ਮੈਡਲਾਂ ਨਾਲ਼ ਸਨਮਾਨ ਕੀਤਾ ਗਿਆ। ਮੁੱਢ ਤੋਂ ਕਿਤਾਬ ਦੇ ਹਰ ਭਾਗ ਨਾਲ਼ ਜੁੜੇ ਹੋਏ ਕਰਨਵੀਰ ਸਿੰਘ ਮੀਨ ਅਤੇ ਹਰਪ੍ਰੀਤ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਸ. ਰਮਨਦੀਪ ਸਿੰਘ ਦੇ ਪਿਤਾ ਸ. ਬਲਜਿੰਦਰ ਸਿੰਘ ਨੇ ਵੀ ਸਰੋਤਿਆਂ ਨਾਲ਼ ਆਪਣੇ ਵਿਚਾਰਾਂ ਸਾਂਝੇ ਕੀਤੇ। ਲੇਖਕਾਂ ਤੋਂ ਇਲਾਵਾ ਸ. ਰਮਨਦੀਪ ਸਿੰਘ ਦੇ ਚਾਚਾ ਯਾਦਵਿੰਦਰ ਸਿੰਘ, ਚਾਚੀ ਰੁਪਿੰਦਰ ਕੌਰ (ਰਾਣੀ), ਚਚੇਰੀ ਭੈਣ ਸੰਦੀਪ ਕੌਰ ਆਦਿ ਨੇ ਹਾਜ਼ਰੀ ਭਰੀ। ਸਮਾਗਮ ਦੌਰਾਨ ਸਭਨਾਂ ਨੂੰ ਗੁਰਦੁਆਰਾ ਸਾਹਿਬ ਦੇ ਇਤਿਹਾਸ ਦੀਆਂ ਨਿੱਕੀਆਂ ਕਿਤਾਬਾਂ ਦੇ ਨਾਲ ਹੀ ਪੰਜਾਬੀਅਤ ਅਤੇ ਉਡਾਣ 100 ਵੀਂ ਵਾਰ ਕਿਤਾਬਾਂ ਵੀ ਭੇਟ ਕਰ ਸਨਮਾਨਿਤ ਕੀਤਾ ਗਿਆ।

for more news visit:
www.samajweekly.com

# ਹਮ ਨਹੀ ਚੰਗੇ ਬੁਰਾ ਨਹੀ ਕੋਇ॥

ਗੱਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਮੈਂ ਨਵਾਂ ਨਵਾਂ ਅੰਮ੍ਰਿਤ ਛੱਕਿਆ ਸੀ ਸੀ। ਹੋਣਾਂ ਤਾਂ ਇਹ ਚਾਹੀਦਾ ਸੀ ਮੇਰੇ ਵਿਚ ਹਲੀਮੀ ਆਉਂਦੀ ਪਰ ਹੋਇਆ ਉਲਟ ਮੇਰੇ ਵਿਚ ਹਉਮੈ ਆ ਗਈ। ਵਾਲ ਕੱਟੇ ਬੰਦੇ ਮੈਨੂੰ ਪਾਪੀ ਲਗਦੇ, ਗੁਰੂ ਘਰ ਸੇਵਾ ਕਰਨ ਗਿਆ, ਇਹੀ ਦੇਖੀ ਜਾਣਾ ਕੋਈ ਨੰਗੇ ਸਿਰ ਤਾਂ ਨਹੀਂ ਆਇਆ, ਕਿਸੇ ਬੀਬੀ ਸਿਰੋਂ ਮਾੜੀ ਜਿਹੀ ਚੁੰਨੀ ਲਹਿਣੀ ਤਾਂ ਅੱਗ ਬਬੂਲਾ ਹੋ ਜਾਣਾ। ਬਾਣੀ ਪੜ੍ਹਦੇ ਲੋਕਾਂ ਨੂੰ ਧਿਆਨ ਨਾਲ਼ ਸੁਣਨਾ ਇਸ ਲਈ ਨਹੀਂ ਕੇ ਬਾਣੀ ਨਾਲ਼ ਮੋਹ ਹੈ, ਸਗੋਂ ਇਸ ਲਈ ਕੇ ਕੋਈ ਇਕ ਅੱਧ ਗ਼ਲਤ ਤੁੱਕ ਬੋਲੇ ਤੇ ਮੈ ਉਸਦੀ ਝਾੜ ਝੰਬ ਕਰਾਂ।

ਜਦੋਂ ਹਉਮੈ ਵੱਧ ਜਾਂਦੀ ਤਾਂ ਪਰਮਾਤਮਾ ਠੋਕਰ ਜਰੂਰ ਮਾਰਦਾ, ਅਜਿਹਾ ਹੀ ਮੇਰੇ ਨਾਲ਼ ਹੋਇਆ।

ਸਾਡੇ ਲੁਧਿਆਣਾ ਤੋਂ ਕਿਸੇ ਮਿੱਤਰ ਦਾ ਫੋਨ ਆਇਆ ਕੇ ਆਪਣੇ ਸ਼ਹਿਰ ਵਿਚ ਨੂਰ ਮਹਿਲ ਵਾਲ਼ੇ ਬਾਬੇ ਦਾ ਪ੍ਰੋਗਰਾਮ ਸੀ, ਅਸੀਂ ਬਜਿਦ ਸੀ ਕੇ ਇਹ ਪ੍ਰੋਗਰਾਮ ਹੋਣ ਨਹੀਂ ਦੇਣਾ। ਮੈ ਝੱਟ ਆਪਣਾ ਮੋਟਰਸਾਈਕਲ ਚੁੱਕਿਆ ਤੇ ਤੁਰ ਪਿਆ ਪ੍ਰੋਗਰਾਮ ਬੰਦ ਕਰਵਾਉਣ ਵਾਲ਼ੇ ਕਾਫ਼ਿਲੇ ਵਿਚ ਸ਼ਾਮਲ ਹੋਣ।

ਇਸ ਵੇਲ਼ੇ ਮੇਰੀ ਹਾਲਤ ਉਸ ਟਟੀਹਰੀ ਵਰਗੀ ਸੀ, ਜਿਹੜੀ ਉਪਰ ਲੱਤਾਂ ਕਰਕੇ ਸੋਂਦੀ ਕੇ ਜੇ ਅਸਮਾਨ ਡਿੱਗਿਆ ਤਾਂ ਮੈਂ ਹੀ ਰੋਕਣਾ। ਮੈਨੂੰ ਵੀ ਲਗਦਾ ਸੀ ਕੇ ਸਾਰੀ ਕੌਮ ਦਾ ਭਾਰ ਮੇਰੇ ਮੋਢਿਆਂ ਤੇ ਹੈ।

ਤੇਜੀ ਨਾਲ਼ ਮੋਟਰਸਾਈਲਕ ਭਜਾਉਂਦੇ ਪਤਾ ਨਹੀਂ ਲੱਗਾ ਕਦੋਂ ਇਕ ਗੱਡੀ ਨਾਲ਼ ਟਕਰਾ ਗਿਆ




ਅਤੇ ਹੋਸ਼ ਆਈ ਤਿੰਨ ਦਿਨ ਬਾਅਦ ਲੁਧਿਆਣੇ DMC ਵਿਚ ਘਰਦਿਆਂ ਨੇ ਦੱਸਿਆ ਕੇ ਕੁਝ ਬੰਦੇ ਤੈਨੂੰ ਚੁੱਕ ਕੇ ਹਸਪਤਾਲ ਛੱਡ ਗਏ ਸੀ ਅਤੇ ਨਾਲ਼ ਈ ਸਾਨੂੰ ਫੋਨ ਕਰ ਦਿੱਤਾ ਸੀ। ਜਦੋਂ ਤੱਕ ਅਸੀਂ ਨਹੀਂ ਆਏ ਉਹ ਇਥੇ ਹੀ ਰਹੇ।

ਠੀਕ ਹੋਣ ਉਪਰੰਤ ਮਨ ਵਿਚ ਖਿਆਲ ਆਇਆ ਕੇ ਕਿਉ 'ਨ ਉਨ੍ਹਾਂ ਭਲੇ ਪੁਰਖਾਂ ਦਾ ਧੰਨਵਾਦ ਕੀਤਾ ਜਾਵੇ। ਉਨ੍ਹਾਂ ਦਾ ਨੰਬਰ ਲੈਕੇ ਰਾਬਤਾ ਕੀਤਾ ਅਤੇ ਦੱਸਿਆ ਕੇ ਤੁਸੀਂ ਮੈਨੂੰ ਹਸਪਤਾਲਛੱਡ ਕੇ ਆਏ ਸੀ ਮੈਂ ਧੰਨਵਾਦ ਕਰਨ ਤੁਹਾਡੇ ਘਰ ਆਉਣਾ। ਉਨ੍ਹਾਂ ਨੇ ਕਿਹਾ...ਜੀ ਆਇਆ ਨੂੰ ਜਦੋਂ ਮਰਜ਼ੀ ਆਓ।

ਮੈਂ ਸਮਾਂ ਕੱਢ ਕੇ ਉਨ੍ਹਾਂ ਦੇ ਘਰ ਗਿਆ ਤਾਂ ਸਾਹਮਣੇ ਘਰ ਦੀ ਕੰਧ ਉਪਰ ਲੱਗੀ ਨੂਰ ਮਹਿਲ ਵਾਲ਼ੇ ਬਾਬੇ ਦੀ ਤਸਵੀਰ ਦੇਖ ਮੇਰਾ ਮੂੰਹ ਉਡ ਗਿਆ, ਇਹ ਕੀ ਮੈਂ ਜਿਸਦੇ ਪ੍ਰੋਗਰਾਮ ਰੱਦ ਕਰਵਾਉਣ ਲਈ ਉਸਦੇ ਭਗਤਾਂ ਨਾਲ਼ ਲੜਨ ਲਈ ਤਿਆਰ ਸੀ, ਉਸੇ ਦੇ ਭਗਤਾਂ ਨੇ ਮੇਰੀ ਜਾਨ ਬਚਾਈ। ਮੈਨੂੰ ਸਮਝ ਆਇਆ ਕੇ ਕਿਸੇ ਵੀ ਸੰਸਥਾ, ਧਰਮ , ਫਿਰਕੇ ਵਿਚ ਕੁਝ ਲੋਕ ਗ਼ਲਤ ਹੋ ਸਕਦੇ ਪਰ ਸਾਰੇ ਮਾੜੇ ਨਹੀਂ ਹੁੰਦੇ। ਮੇਰੀ ਸਾਰੀ ਹਉਮੈ ਛੂ ਮੰਤਰ ਹੋ ਗਈ ਸੀ। ਹੁਣ ਪਹਿਲਾਂ ਨਾਲੋਂ ਵੱਧ ਗੁਰੂ ਘਰ ਜਾਨਾ ਪਰ ਨਜ਼ਰ ਦੂਜਿਆਂ ਵਲ ਨਹੀਂ ਆਪਣੇ ਅੰਦਰ ਵਲ ਹੁੰਦੀ, ਹੁਣ ਮੈ ਗਲਤੀ ਲੋਕਾਂ ਦੀ ਨਹੀਂ ਆਪਣੀ ਲੱਭਦਾਂ, ਹੁਣ ਮੈਨੂੰ ਸਮਝ ਆ ਗਿਆਂ ਕੇ " ਹਮ ਨਹੀਂ ਚੰਗੇ, ਬੁਰਾ ਨਹੀ ਕੋਇ "

ਹੜ ਪ੍ਰਭਾਵਿਤ ਇਲਾਕਿਆਂ ਵਿਚ ਇਕੱਠੇ ਸੇਵਾ ਕਰਦੇ ਡੇਰਾ ਸੱਚਾ ਸੌਦਾ ਡੇ ਸੇਵਾਦ-ਾਰ ਅਤੇ ਇਕ ਅਮ੍ਰਿਤਧਾਰੀ ਗੁਰ ਸਿੱਖ ਨੂੰ ਇਕੱਠੇ ਸੇਵਾ ਕਰਦੇ ਦੇਖ ਆਪਣੇ ਮਿੱਤਰ ਚੰਦ ਸਿੰਘ ਦੀ ਦੱਸੀ ਇਹ ਕਹਾਣੀ ਯਾਦ ਆ ਗਈ।

**ਸੋਨੂੰ ਮੰਗ.ਲੀ**

# ਯਾਦਗਾਰੀ ਹੋ ਨਿਬੜਿਆ ਸਿੱਖ ਯੂਥ ਸਪੋਰਟਸ ਦਾ ਖੇਡ ਮੇਲਾ

## ● ਕਬੱਡੀ ਤੋਂ ਇਲਾਵਾ ਕੁਸ਼ਤੀ ਮੁਕਾਬਲੇ ਬਣੇ ਖਿੱਚ ਦਾ ਕੇਂਦਰ ● ਵੱਡੀ ਗਿਣਤੀ ਚ ਪੁੱਜੇ ਖੇਡ ਪ੍ਰੇਮੀ ਅਤੇ ਦਰਸ਼ਕਾਂ ਨੇ ਮਾਣਿਆ ਆਨੰਦ

**ਵੈਨਕੂਵਰ,ਸਤੰਬਰ (ਮਲਕੀਤ ਸਿੰਘ )**–ਨੌਰਥ ਅਮਰੀਕਾ ਦੇ ਵੱਡੇ ਖੇਡ ਮੇਲਿਆਂ ਚ ਗਿਣਿਆ ਜਾਣ ਵਾਲਾ ਸਿੱਖ ਯੂਥ ਸਪੋਰਟਸ ਦਾ ਖੇਡ ਮੇਲਾ ਆਪਣੀਆਂ ਅਮਿਟ ਯਾਦਾਂ ਛੱਡਦਾ ਹੋਇਆ ਧੂਮ ਧੜਕੇ ਨਾਲ ਸੰਪੰਨ ਹੋ ਗਿਆ।

ਸਰੀ ਡੈਲਟਾ ਦੇ ਨਾਨਕ ਗੁਰੂ ਘਰ ਦੀ ਗਰਾਉਂਡ ਚ ਅਯੋਜਿਤ ਕਰਵਾਏ ਜਾਂਦੇ ਇਸ ਦੋ ਰੋਜਾ ਕੌਮਾਂਤਰੀ ਪੱਧਰ ਦੇ ਖੇਡ ਮੇਲੇ ਚ ਵੱਡੀ ਗਿਣਤੀ ਚ ਦੂਰੋਂ ਨੇੜਿਓਂ ਪੁੱਜੇ ਖੇਡ ਪ੍ਰੇਮੀਆਂ ਅਤੇ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ ਪਰਿਵਾਰਕ ਮੇਲੇ ਵਜੋਂ ਜਾਣੇ ਜਾਂਦੇ ਇਸ ਖੇਡ ਮੇਲੇ ਚ ਕਬੱਡੀ ਦੇ ਦਿਲਚਸਪ ਮੈਚਾਂ ਤੋਂ ਇਲ-ਾਵਾ ਕੁਸ਼ਤੀਆਂ ਅਤੇ ਵੇਟ ਲਿਫਟਿੰਗ ਦੇ ਕਰਵਾਏ ਗਏ ਮੁਕਾਬਲਿਆਂ ਨਾਲ ਪੰਜਾਬ ਦੇ ਕਿਸੇ ਪੇਂਡੂ ਖੇਡ ਮੇਲੇ ਵਰਗਾ ਮਾਹੌਲ ਸਿਰਜਿਆ ਮਹਿਸੂਸ ਹੋਇਆ। ਇਸ ਖੇਡ ਮੇਲੇ ਦੌਰਾਨ ਕਬੱਡੀ ਦੇ ਪਹਿਲੇ ਫਾਈਨਲ ਮੁਕਾਬਲੇ ਚੋਂ ਯੂਥ ਕਬੱਡੀ ਕਲੱਬ ਦੀ ਟੀਮ ਪਹਿਲੇ ਅਤੇ ਰਾਇਲ ਕਿੰਗ ਕਲੱਬ ਦੀ ਟੀਮ ਦੂਸਰੇ ਸਥਾਨ ਤੇ ਰਹੀ ਅਤੇ ਦੂਸਰੇ ਫ਼ਾਈਨਲ ਮੁਕਾਬਲੇ ਚੋਂ ਸ਼ਹੀਦ ਭਗਤ ਸਿੰਘ ਰਾਜਵੀਰ ਕਬੱਡੀ ਕਲੱਬ ਦੀ ਟੀਮ ਪਹਿਲੇ ਅਤੇ ਕਾਮਾਗਾਟਾ ਮਾਰੂ ਸਰੀ ਦੀ ਟੀਮ ਦੂਸਰੇ ਸਥਾਨ ਤੇ ਰਹੀ। ਇਸੇ ਤਰ੍ਹਾਂ ਵੱਖ-ਵੱਖ ਵਰਗ ਦੇ ਮਰਦਾਂ ਦੇ ਕੁਸ਼ਤੀ ਮੁਕਾਬਲਿਆਂ ਚੋਂ ਗੁਰੂ ਗੋਬਿੰਦ ਸਿੰਘ ਰੈਸਲਿੰਗ ਕਲੱਬ ਐਬਸਫੋਰਡ ਦਾ ਪਹਿਲਵਾਨ ਨਿਸ਼ਾਨ ਰੰਧਾਵਾ, ਰੁਸਤਮੇ ਹਿੰਦ ਰੈਸਲਿੰਗ ਕਲੱਬ ਦਾ ਪਹਿਲਵਾਨ ਹਰਜੋਤ ਬਸਰਾ, ਗੁਰੂ ਗੋਬਿੰਦ ਸਿੰਘ ਰੈਸਲਿੰਗ ਕਲੱਬ ਐਬਸਫੋਰਡ ਦਾ ਪਹਿਲਵਾਨ ਜਗਰੂਪ ,ਕਨੇਡੀਅਨ ਮਲ ਕਲੱਬ ਦਾ ਪਹਿਲਵਾਨ ਹਰਜੋਤ ਸ਼ੇਰਗਿੱਲ ਅਤੇ ਗੁਰੂ ਗੋਬਿੰਦ ਸਿੰਘ ਕਲੱਬ ਦਾ ਪਹਿਲਵਾਨ ਤੇਜੀ ਢੀਡਸਾ ਅਵਲ ਰਹੇ। ਇਸੇ ਤਰ੍ਹਾਂ ਲੜਕੀਆਂ ਦੇ







ਫਾਈਨਲ ਕੁਸ਼ਤੀ ਮੁਕਾਬਲਿਆਂ ਚੋਂ ਗੁਰੂ ਗੋਬਿੰਦ ਸਿੰਘ ਰੈਸਲਿੰਗ ਕਲੱਬ ਦੀ ਰੁਪਿੰਦਰ ਜੋਹਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਕਨੇਡੀਅਨ ਕਲੱਬ ਦੀ ਖੁਸ਼ੀ ਝੱਲੀ ਦੂਸਰੇ ਸਥਾਨ ਤੇ ਰਹੀ। ਖੇਡ ਮੇਲੇ ਚ ਪੁੱਜੀ ਇੱਕ ਹੋਰ ਪੰਜਾਬੀ ਮੁਟਿਆਰ ਜੀਨਤ ਵਿਲਨ ਨੇ 75 ਕਿਲੋ ਦਾ ਵੇਟ ਲਿਫਟਿੰਗ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਤਾਂ ਗਰਾਊਂਡ ਚ ਮੌਜੂਦ ਖੇਡ ਪਰੇਮੀਆ ਵੱਲੋਂ ਤਾੜੀਆਂ ਦੀ ਗੜਗੜਾਹਟ ਨਾਲ ਉਸਦੀ ਹੌਸਲਾ ਅਫਜਾਈ ਕੀਤੀ ਗਈ। ਇਸ ਖੇਡ ਮੇਲੇ ਵਿੱਚ ਔਰਤਾ ਅਤੇ ਬੱਚਿਆਂ ਦੀਆਂ ਕਰਵਾਈਆ ਗਈਆਂ ਵੱਖ-ਵੱਖ ਖੇਡ ਗਤੀਵਿਧੀਆਂ ਬੜੀਆਂ ਦਿਲਚਸਪ ਰਹੀਆਂ।














ਇਸ ਖੇਡ ਮੇਲੇ ਚ ਕਮੈਂਟਰੀ ਦੀ ਜਿੰਮੇਵਾਰੀ ਹਰਪ੍ਰੀਤ ਘੋਲੀਆ ਅਤੇ ਨਵੀ ਬੀਸਲਾ ਵੱਲੋਂ ਬੜੇ ਹੀ ਸੁਚਾਰੂ ਢੰਗ ਨਾਲ ਨਿਭਾਈ ਗਈ ਜਦੋਂ ਕਿ ਕਬੱਡੀ ਮੁਕਾਬਲਿਆਂ ਚ ਰੈਫਰੀ ਦੀ ਜਿੰਮੇਵਾਰੀ ਨਛੱਤਰ ਡੰਡੇਵਾਲ ਵੱਲੋਂ ਬੜੀ ਨਿਰਪੱਖਤਾ ਨਾਲ ਨਿਭਾਈ ਗਈ। ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੱਖ ਯੂਥ ਸਪੋਰਟਸ ਦੇ ਪ੍ਰਧਾਨ ਰਘਬੀਰ ਸਿੰਘ ਅਤੇ ਹਿਲਟਨ ਸਿਕਿਉਰਟੀ ਦੇ ਚੀਫ ਗੁਰਜੰਟ ਸਿੰਘ ਸੰਧੂ ਵੱਲੋਂ ਇਸ ਖੇਡ ਮੇਲੇ ਦੀ ਸਫਲਤਾ ਲਈ ਜਿੱਥੇ ਸਮੂਹ ਸਪੋਂਸਰਾਂ ਦਾ ਧੰਨਵਾਦ ਕੀਤਾ ਗਿਆ। ਉੱਥੇ ਮੇਲੇ ਚ ਆਏ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੂੰ ਵੀ ਜੀ ਆਇਆ ਕਿਹਾ ਗਿਆ ਅਤੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਨਾਲ ਜੁੜਨ ਦੀ ਅਪੀਲ ਵੀ ਕੀਤੀ ਇਸ ਖੇਡ ਮੇਲੇ ਚ ਹਿਲਟਨ ਸਕਿਉਰਟੀ ਦੀ ਟੀਮ ਵੱਲੋਂ ਸਿਕਿਉਰਟੀ ਦੇ ਕੀਤੇ ਗਏ ਪੁਖਤਾ ਪ੍ਰਬੰਧ ਸਲਾਹੁਣਯੋਗ ਸਨ ਇਸ ਮੌਕੇ ਹਾਜ਼ਰ ਸਿਆਸੀ ਹਸਤੀਆਂ ਚ ਸੁੱਖ ਧਾਲੀਵਾਲ ,ਬਰੈਂਡਾ ਲੌਕ,ਮਨਦੀਪ ਧਾਲੀਵਾਲ ਦੇ ਨਾਮ ਜਿਕਰਯੋਗ ਹਨ ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਰਣਬੀਰ ਸਿੰਘ ਨਿੱਝਰ,ਬਲਜੀਤ ਸਿੰਘ ਰਾਏ,ਹਰਨੇਕ ਸਿੰਘ ਅਨੇਜਾ,ਸੁੱਖ ਖਹਿਰਾ, ਜਰਨੈਲ ਸਿੰਘ ਖਹਿਰਾ, ਹਰਜਿੰਦਰ ਸਿੰਘ ਦਦਵਾੜ, ਜਰਨੈਲ ਸਿੰਘ ਸਰਾਏ, ਬਿੱਲਾ ਅਹੂਜਾ,ਇਕਬਾਲ ਸਿੰਘ ਮਾਨ,ਸੋਨੀ ਝਾਵਰ, ਭੁਪਿੰਦਰ ਸਿੰਘ ਮੰਡ,ਹਰਜੀਤ ਸਿੰਘ ਕੰਗ, ਬਲਕਾਰ ਸਿੰਘ ਸਹੋਤਾ, ਗੁਰਦਾਵਰ ਸਿੰਘ ਸਹੋਤਾ, ਬਲਰਾਜ ਬੈਂਸ, ਮਨਰੂਪ ਸਿੰਘ,ਮਨਪ੍ਰੀਤ ਸਿੰਘ, ਕੁਲਵਿੰਦਰ ਸਿੰਘ, ਜਸਵਿੰਦਰ ਗਿੱਲ, ਜਗਜੀਤ ਦੋਸ਼ਾਝ, ਤਰਨਜੀਤ ਧੁੱਗਾ, ਬੋਬ ਚੀਮਾ, ਮੈਨਡੀ ਵਿਰਕ, ਜਵਾਹਰ ਪੱਡਾ, ਊਧਮ ਸਿੰਘ ਹੁੰਦਲ, ਤਾਰਾ ਗਿੱਲ, ਗੁਰਦੀਪ ਗਿੱਲ, ਪੰਡਿਤ ਜੀ ਅਤੇ ਬਿਕਰਮਜੀਤ ਹਾਜ਼ਰ ਸਨ।

**ਖੇਡ ਮੇਲੇ ਦੇ ਵੱਖ-ਵੱਖ ਦ੍ਰਿਸ਼।**


# ਸਵਰਨ ਕੁਮਾਰ ਥਾਣੇਵਾਲ ਨੇ ਪੰਜਾਬ ਪੁਲਿਸ ਤੇ ਲਾਏ ਦੋਸ਼ ਕਿ ਪੁਲਿਸ ਸਾਨੂੰ ਨਜਾਇਜ਼ ਤੰਗ ਪਰੇਸ਼ਾਨ ਕਰ ਰਹੀ ਹੈ

**ਰਿਪੋਰਟ ਮਹਿਤਪੁਰ ਤੋਂ ਹਰਜਿੰਦਰ ਸਿੰਘ ਚੰਦੀ ਦੀ**

ਥਾਣੇਵਾਲ ਜਿਲਾ ਗੁਰਦਾਸਪੁਰ ਦੇ ਸਵਾਰਨ ਕੁਮਾਰ ਅਤੇ ਉਹਨਾਂ ਦੀ ਪਤਨੀ ਹਰਬੰਸ ਕੌਰ ਨੇ ਪੰਜਾਬ ਪੁਲਿਸ ਉੱਤੇ ਲਾਏ ਦੋਸ਼ ਕੇ ਪੁਲਿਸ ਸਾਨੂੰ ਨਜਾਇਜ਼ ਤੰਗ ਪਰੇਸ਼ਾਨ ਕਰ ਰਹੀ ਹੈ ਪੱਤਰਕਾਰਾਂ ਨੇ ਜਦੋਂ ਉਹਨਾਂ ਨੂੰ ਪੁੱਛਿਆ ਕੀ ਕਾਰਨ ਸਨ ਕਿ ਆਪ ਜੀ ਨੂੰ ਪੁਲਿਸ ਆਪ ਜੀ ਨੂੰ ਕਿਉਂ ਪਰੇਸ਼ਾਨ ਕਰ ਰਹੀ ਹੈ ਤਾਂ ਸਵਰਨ ਕੁਮਾਰ ਨੇ ਰੋਂਦੇ ਹੋਏ ਦੱਸਿਆ ਕਿ ਅੱਜ ਤੋਂ ਤਿੰਨ ਸਾਲ ਪਹਿਲਾਂ ਸਾਡਾ ਮੁੰਡਾ ਗੁਰਚਰਨ ਪ੍ਰੀਤ ਦਵੇਸਰ ਆਪਣੇ ਕਿਸਾਨ ਜਥੇਬੰਦੀਆਂ ਦੇ ਨਾਲ ਦਿੱਲੀ ਕਿਸਾਨ ਸੰਘਰਸ਼ ਵਿੱਚ ਸ਼ਾਮਿਲ ਹੁੰਦਾ ਰਿਹਾ ਅਤੇ ਉੱਥੇ ਕਿਸਾਨਾਂ ਦੀ ਸੇਵਾ ਕਰਦਾ ਰਿਹਾ ਰੋਟੀ ਪਾਣੀ ਦੀ ਅਤੇ ਸਾਡਾ ਮੁੰਡਾ ਸਿੱਖ ਜਥੇਬੰਦੀਆਂ ਦੇ ਨਾਲ ਜੁੜਿਆ ਹੋਇਆ ਸੀ ਪਰ ਨਾਲ ਨਾਲ ਪੜ੍ਹਾਈ ਕਰ ਰਿਹਾ ਸੀ ਅਤੇ ਨਾਲ ਸਮਾਜ ਸੇਵੀ ਦੇ ਕੰਮ ਕਰ ਰਿਹਾ ਸੀ ਅਤੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰ ਰਿਹਾ ਸੀ ਜਦੋਂ 15 ਅਗਸਤ ਨੂੰ ਦਿੱਲੀ ਦੇ ਵਿੱਚ ਪ੍ਰਧਾਨ ਮੰਤਰੀ ਨੇ ਝੰਡਾ ਲਹਿਰਾਉਣਾ ਸੀ ਤਾਂ ਉਹ ਆਪਣੇ ਸਾਥੀਆਂ ਸਮੇਤ ਲਾਲ ਕਿਲੇ ਵਿਖੇ ਗਿਆ ਤੇ ਉੱਥੇ ਕਿਸੇ ਗੱਲੋਂ ਕਿਸੇ ਨੇ ਉਥੇ ਬੰਬ ਚਲਾ ਦਿੱਤਾ ਅਤੇ ਸਾਡਾ ਮੁੰਡਾ ਆਪਣੀ ਜਾਨ ਬਚਾ ਕੇ ਭੱਜ ਰਿਹਾ ਸੀ ਪਰ ਪੁਲਿਸ ਨੇ ਉਹਨੂੰ ਫੜ ਲਿਆ ਅਤੇ ਕੁੱਟਿਆ ਮਾਰਿਆ ਤੇ ਕਈ ਚਿਰ ਜੇਲ ਚ ਰੱਖਿਆ ਸਵਰਨ ਕੁਮਾਰ ਨੇ ਕਿਹਾ ਸਿੱਖ ਜਥੇਬੰਦੀਆਂ ਨਾਲ ਜੁੜਿਆ ਹੋਣ ਕਰਕੇ ਸਿੱਖ ਜਥੇਬੰਦੀਆਂ ਨੂੰ ਉਹਨਾਂ ਜਮਾਨਤ ਉੱਤੇ ਰਿਹਾ ਕਰਵਾ ਲਿਆ ਸੀ ਉਸ ਵੇਲੇ ਦੀਪ ਸਿੱਧੂ ਪੰਜਾਬ ਦੇ ਵਾਰਸ ਸਨ ਜਦੋਂ ਸਾਡਾ ਮੁੰਡਾ ਇੱਥੇ ਘਰ ਆ ਗਿਆ ਅਤੇ ਉਸ ਨੂੰ ਪੰਜਾਬ ਪੁਲਿਸ ਦੀ ਨੇ ਫਿਰ ਪਰੇਸ਼ਾਨ ਕਰਨਾ ਚਾਲੂ ਕਰ ਦਿੱਤਾ। ਅਤੇ ਬਾਰ-ਬਾਰ ਸਾਡੇ ਮੁੰਡੇ ਨੂੰ ਚੁੱਕ ਲਿਆ ਜਾਂਦਾ ਤੇ ਪਰੇਸ਼ਾਨ ਕਰ ਕਰਦੇ ਸਨ ਅਤੇ ਇੱਕ ਦਿਨ ਸਾਡੇ ਮੁੰਡੇ ਨੂੰ ਰਸਤੇ ਦੇ ਵਿੱਚੋਂ ਪੁਲਿਸ ਨੇ ਫੜ ਲਿਆ ਅਤੇ ਅੱਜ ਤੱਕ ਸਾਡਾ ਮੁੰਡਾ ਪਤਾ ਨਹੀਂ ਕਿੱਥੇ ਚਲੇ



ਗਿਆ ਕਿਉਂਕਿ ਪੁਲਿਸ ਨੇ ਹੀ ਉਹ ਚੁੱਕ ਲਿਆ ਸੀ ਮੁੜ ਕੇ ਮੁੰਡਾ ਘਰ ਨਹੀਂ ਆਇਆ ਪੁਲਿਸ ਨੂੰ ਹੀ ਪਤਾ ਹੈ ਉਹ ਕਿੱਥੇ ਹੈ ਪਰ ਉਹ ਫਿਰ ਵੀ ਸਾਨੂੰ ਬਾਰ-ਬਾਰ ਪਰੇਸ਼ਾਨ ਕਰ ਰਹੇ ਹਨ ਅਤੇ ਪੁਲਿਸ ਸਾਨੂੰ ਕਹਿ ਰਹੀ ਹੈ ਕਿ ਆਪਣੇ ਮੁੰਡੇ ਨੂੰ ਪੇਸ਼ ਕਰੋ ਪੁਲਿਸ ਦੇ ਅੱਗੇ ਪਰ ਸਾਨੂੰ ਪਤਾ ਨਹੀਂ ਹੈ ਸਾਡਾ ਮੁੰਡਾ ਕਿੱਥੇ ਹੈ ਅਸੀਂ ਕਿੱਥੋਂ ਪੇਸ਼ ਕਰੀਏ ਤੇ ਕਿੱਥੋਂ ਅਸੀਂ ਪੁਲਿਸ ਦੇ ਹਵਾਲੇ ਕਰੀਏ ਸੋ ਹੁਣ ਅਗਸਤ ਦੀ 28 ਤਰੀਕ ਨੂੰ 2025 ਨੂੰ ਪੁਲਿਸ ਸਾਡੇ ਘਰ ਆਈ ਅਤੇ ਸਾਡੇ ਨਾਲ ਬਹੁਤ ਕੁੱਟਮਾਰ ਕੀਤੀ ਤੇ ਮੇਰੀ ਪਤਨੀ ਹਰਬੰਸ ਕੌਰ ਨੂੰ ਬਾਲਾਂ ਤੋਂ ਖਿੱਚਤੂ ਕੀਤੀ ਅਤੇ ਮੈਨੂੰ ਵੀ ਕੁੱਟਿਆ ਅਤੇ ਲੱਤਾਂ ਚ ਡੰਡੇ ਮਾਰੇ ਅਤੇ ਕਹਿ ਰਹੇ ਸਨ ਆਪਣਾ ਜੋ ਮੁੰਡਾ ਅੱਤਵਾਦੀ ਹੈ ਤੇ ਉਹਨੂੰ ਪੇਸ਼ ਕਰ ਪਰ ਅਸੀਂ ਕਿੱਥੋਂ ਪੇਸ਼ ਕਰੀਏ ਅਸੀਂ ਫਿਰ ਹੱਥ ਜੋੜ ਕੇ ਬੇਨਤੀ ਕਰਦੇ ਹਾਂ ਭਗਵੰਤ ਮਾਨ ਦੀ ਸਰਕਾਰ ਨੂੰ ਕਿ ਸਾਨੂੰ ਇਹਨਾਂ ਪੁਲਿਸ ਵਾਲੇ ਗੁੰਡਿਆਂ ਤੋਂ ਬਚਾਇਆ ਜਾਵੇ ਜਦੋਂ ਸਾਡੇ ਪੱਤਰਕਾਰਾਂ ਨੇ ਪੁਲਿਸ ਪ੍ਰਸ਼ਾਸਨ ਨਾਲ ਗੱਲ ਕੀਤੀ ਤਾਂ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮੁੰਡਾ ਅੱਤਵਾਦੀਆਂ ਨਾਲ ਮਿਲਿਆ ਹੋਇਆ ਸੀ ਜੋ ਸਰਹੱਦ ਤੋਂ ਪਰ ਪਾਕਿਸਤਾਨ ਤੋਂ ਅਸਲਾ ਲਿਆ ਕੇ ਅੱਤਵਾਦੀਆਂ ਨੂੰ ਦਿੰਦਾ ਸੀ ਇਸ ਦੀ ਘੱਟ ਉਮਰ ਹੋਣ ਕਰਕੇ ਇਹ ਆਪਣੀ ਉਮਰ ਦਾ ਫਾਇਦਾ ਚੁੱਕ ਰਿਹਾ ਸੀ ਪੁਲਿਸ ਅਧਿਕਾਰੀਆਂ ਨੇ ਸਾਨੂੰ ਉਸ ਵੇਲੇ ਦੀ ਇੱਕ ਫੋਟੋ ਦਿੱਤੀ ਜੋ ਅਸੀਂ ਆਪ ਜੀ ਦੇ ਨਾਲ ਸ਼ੇਅਰ ਕਰ ਰਹੇ ਹਾਂ ਉਹਨਾਂ ਨੇ ਦੱਸਿਆ ਇਸ ਦੇ ਨਾਲ ਤਿੰਨ ਚਾਰ ਬੰਦੇ ਹੋਰ ਵੀ ਸਨ ਜੋ ਕਿ ਅੱਤਵਾਦੀਆਂ ਲਈ ਕੰਮ ਕਰਦੇ ਸਨ ਜਦੋਂ ਅਸੀਂ ਗੁਰਚਰਨਪ੍ਰੀਤ ਦਵੇਸਰ ਦੇ ਪਿਤਾ ਸਵਰਨ ਕੁਮਾਰ ਨਾਲ ਇਹ ਗੱਲ ਕੀਤੀ ਤਾਂ ਉਸ ਨੇ ਪੁਲਿਸ ਦੀ ਗੱਲ ਇਹ ਕਹੀ ਨੂੰ ਨਕਾਰਿਆ ਉਹਨਾਂ ਨੇ ਕਿਹਾ ਸਾਡਾ ਮੁੰਡਾ ਕਿਸੇ ਵੀ ਅੱਤਵਾਦੀ ਜਥੇਬੰਦੀ ਨਾਲ ਨਹੀਂ ਸੀ ਅਤੇ ਉਹ ਤਾਂ ਇੱਕ ਚੰਗੇ ਕੰਮ ਕਰਦਾ ਸੀ ਇਹ ਪੁਲਿਸ ਅਧਿਕਾਰੀਆਂ ਨੇ ਆਪਣੇ ਕੋਲੋਂ ਪੰਜ ਚਾਰ ਪੰਜ ਬੰਦੇ ਖੜੇ ਕਰਕੇ ਫੋਟੋ ਖਿਚਵਾਈ ਹੋਈ ਹੈ




ਕਲਾ ਵਾਹਿਗੁਰੂ ਦੀ
ਪੇਂਟਿੰਗ
Painting
ਆਪਣੇ ਸੁਪਨਿਆਂ,
ਬਜ਼ੁਰਗਾਂ,
ਮਿੱਤਰ ਪਿਆਰਿਆਂ
ਦੀਆਂ ਪੇਟਿੰਗ ਬਣਾ ਕੇ
ਆਪਣੇ ਘਰਾਂ ਨੂੰ
ਚਾਰ ਚੰਨ
ਲਗਾਓ ਜੀ





DELIVERY ALL WORLD
Payment in Advance
ਪੇਟਿੰਗ ਲਈ ਫੋਟੋ ਵਟਸਐਪ ਨੰਬਰ
+91-97794-70626 ਤੇ ਭੇਜੋ
ਚਿੱਤਰਕਾਰ
ਰਾਜੇਸ਼ ਨਾਗਰਾ


Namo Buddhaye
Jai Bheem
DHAMMA WAVES
Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com
Follow Us : www.Dhammawaves.com Dhammawaves
E-mail : dhammawaves.info@gmail.com
Venerable Bhikkhu Dhammatap
Dhamma Desna By : Venerable Bhikkhu Dhammatap
Topic:"Over Anger,fear,and Anxiety through Dhamma especially useful for Today's World,
"धम्म के माध्यम से क्रोध, भय और चिंता पर विजय पाना" – आज की दुनिया के लिए विशेष रूप से उपयोगी।
Topic: Update On Buddh Gaya Mukti Andolan Mashal Yatra
बुद्ध गया मुक्ति आंदोलन मशाल यात्रा पर अपडेट
Sunday Sept.07th,25 at 8 Pm Indian Time
Live on Facebook
Guest Speaker: Advocate Mr. Harbhajan Sampla ( Punjab)

# ਕਿਸੇ ਚੁਨੌਤੀ ਤੋਂ ਘੱਟ ਨਹੀਂ ਪੰਜਾਬ ਚੋਂ ਹੜਾਂ ਦਾ ਪ੍ਰਕੋਪ

ਪੰਜਾਬ ਹੜ ਦੀ ਚਪੇੜ ਵਿਚ ਹੈ। ਸਵਾਲ ਸਵਾਲੀਆ ਚਿੰਨ੍ਹ ਬਣ ਕਿ ਖੜ੍ਹੇ ਹਨ। ਰਾਜਨੀਤਕ ਨੇਤਾਵਾਂ ਕੋਲ ਜਨਤਾਂ ਦੇ ਕਿਸੇ ਸਵਾਲ ਦਾ ਢੁਕਵਾਂ ਜੁਵਾਬ ਨਹੀਂ ਕਿਉਂਕਿ ਢੁਕਵੇਂ ਪ੍ਰਬੰਧਾਂ ਦੀ ਘਾਟ ਆਪਣਾ ਸਪਸ਼ਟੀਕਰਣ ਦੇਣ ਵਿਚ ਅਸਮਰੱਥ ਸਾਬਤ ਹੋ ਰਹੀ ਹੈ। ਪ੍ਰਸ਼ਾਸਨ ਹਰ ਵਾਰ ਦੀ ਤਰਾਂ ਪ੍ਰਸ਼ਨ ਚਿੰਨ੍ਹ ਦੇ ਘੇਰੇ ਵਿੱਚ ਹੈ। ਰਾਜਨੀਤਕ ਵਿਰੋਧੀਆਂ ਵਲੋਂ ਸਮਾਜ ਸੇਵਾ ਲਈ ਹੱਥ ਘੱਟ ਤੇ ਰਾਜਨੀਤਕ ਸ਼ੁਰਲੀਆਂ ਜ਼ਿਆਦਾ ਚਲਾਈਆਂ ਜਾ ਰਹੀਆਂ ਹਨ। ਪੰਜਾਬ ਦੇ ਜਾਏ ਰਾਤ ਦਿਨ ਕੁਦਰਤੀ ਕਰੋਪੀ ਨਾਲ ਮੱਥਾ ਡਾਹੀ ਖੜ੍ਹੇ ਹਨ। ਪ੍ਰਸ਼ਾਸਨ ਵੱਲੋਂ ਲਗਾਤਾਰ ਅਪਡੇਟ ਜਾਰੀ ਕੀਤੀ ਜਾ ਰਹੀ ਹੈ। ਅਜਿਹੇ ਹਲਾਤਾਂ ਵਿੱਚ ਰਾਹਤ ਸਮੱਗਰੀ ਕਿਸੇ ਦੀ ਤੇ ਤਸਵੀਰਾਂ ਕੋਈ ਖਿਚਾ ਰਿਹਾ ਹੈ। ਅਸਲ ਪੀੜਤਾਂ ਤੱਕ ਸਮਾਨ ਪਹੁੰਚਣ ਦੀ ਜਗ੍ਹਾ ਰਸਤੇ ਵਿਚ ਖੜ੍ਹੇ ਜਮਾਂਖੋਰ ਰੱਜਣ ਦਾ ਨਾਮ ਨਹੀਂ ਲੈ ਰਹੇ। ਮੀਡੀਆ ਵਿੱਚ ਇਨ੍ਹਾਂ ਗੱਲਾਂ ਨੂੰ ਲੈ ਕੇ ਚਰਚਾਂ ਜ਼ੋਰਾਂ ਤੇ ਹਨ। ਅਜਿਹੇ ਹਲਾਤਾਂ ਵਿੱਚ ਪ੍ਰਸ਼ਾਸਨ ਅਤੇ ਸਰਕਾਰਾਂ ਨੂੰ ਜਿਥੇ ਹੋਰ ਢੁਕਵੇਂ ਪ੍ਰਬੰਧਾਂ ਨੂੰ ਅਮਲ ਵਿਚ ਲਿਆਉਣ ਦੀ ਲੋੜ ਹੈ ਉਥੇ ਜਮਾਂਖੋਰੀ ਨੂੰ ਵੀ ਨੱਥ ਪਾਉਣ ਦੀ ਜ਼ਰੂਰਤ ਹੈ। ਲਗਾਤਾਰ ਪੈ ਰਹੀ ਬਾਰਸ਼ ਅਤੇ ਬੱਦਲ ਫ਼ਟਣ ਦੀਆਂ ਘਟਨਾਵਾਂ ਨੇ ਪਬਲਿਕ ਦੇ ਮੱਥੇ ਤੇ ਪ੍ਰੇਸ਼ਾਨੀ ਦੀ ਲਕੀਰ ਹੋਰ ਡੂੰਘੀ ਕੀਤੀ ਹੈ। ਅਜਿਹੇ ਵਿਚ, ਪਸ਼ੂਆਂ ਦੀ ਫੀਡ, ਚਾਰਾ,ਸਬਜ਼ੀਆਂ , ਅਨਾਜ, ਦੁੱਧ , ਸਿਲੰਡਰ ਅਤੇ ਹੋਰ ਆਮ ਵਰਤੋਂ ਦੀਆਂ ਵਸਤਾਂ ਤੋਂ ਇਲ-ਾਵਾ ਮੈਡੀਸਿਨ ਦਵਾਈਆਂ ਦੇ ਰੇਟ ਮਨਮਰਜ਼ੀ ਦੇ ਲਗਾ ਕੇ ਜਿਹੜੇ ਲੋਕ ਮਨੁੱਖਤਾ ਦੇ ਨਾਮ ਤੇ ਕਲੰਕ ਖਟ ਰਹੇ ਹਨ ਉਨ੍ਹਾਂ ਤੇ ਬਣਦੀ ਢੁਕਵੀਂ ਕਾਰਵਾਈ ਵੀ ਅਮਲ ਵਿੱਚ ਲਿਆਉਣੀ ਚਾਹੀਦੀ ਹੈ। ਦੂਜਾ ਫਲੱਡ ਏਰੀਆ ਕੋਈ ਪਿਕਨਿਕ ਜਗਾਂ ਨਹੀਂ ਹੈ ਜਿਥੇ ਜਾ ਕੇ ਆਮ ਲੋਕਾਂ ਵੱਲੋਂ ਪਾਣੀ ਤੇ ਪੀੜਤ ਲੋਕਾਂ ਦੀਆਂ ਵੀਡੀਓਜ਼ ਬਣਾਈਆਂ ਜਾ ਰਹੀਆਂ ਹਨ ਅਤੇ ਸੈਲਫੀਆ ਲਈਆ ਜਾ ਰਹੀਆਂ ਹਨ। ਅਜਿਹੇ ਤਮਾਸ਼ਬੀਨਾਂ ਤੇ ਪ੍ਰਸ਼ਾਸਨਿਕ ਨਕੇਲ ਕੱਸੀ ਜਾਵੇ। ਦੂਜੇ ਪਾਸੇ ਜਿਨ੍ਹਾਂ ਲੀਡਰਾਂ ਨੇ ਸਿਰਫ ਫੋਟੋ ਕਰਵਾਉਣ ਜਾਣਾ ਉਨ੍ਹਾਂ ਨੂੰ ਥੋੜ੍ਹਾ ਗੁਰੇਜ਼ ਕਰਨਾ ਚਾਹੀਦਾ ਹੈ। ਪੁਲਿਸ ਪ੍ਰਸ਼ਾਸਨ ਨੂੰ ਆਪਣੀ ਬਣਦੀ ਭੂਮਿਕਾ ਮੁਸਤੈਦੀ ਨਾਲ ਨਿਭਾਉਣ ਦੀ ਜ਼ਰੂਰਤ ਹੈ। ਸਮਾਜਸੇਵੀ ਸੰਸਥਾਵਾਂ ਅਤੇ ਦਾਨੀ ਸੱਜਣਾਂ ਨੂੰ ਚਾਹੀਦਾ ਹੈ ਕਿ ਜਿਥੇ ਅਸੀਂ ਆਪਣੇ ਪੰਜਾਬ ਦੇ ਜਾਇਆਂ ਲਈ ਰਾਤ ਦਿਨ ਇਕ ਕਰ ਰਹੇ ਹਾਂ ਉਥੇ ਅਲੱਗ ਅਲੱਗ ਟੀਮਾਂ ਬਣਾ ਕੇ ਪੂਰੀ ਪੜਤਾਲ ਕਰਨ ਤੋਂ ਬਾਅਦ ਜਿਥੇ ਜਿਸ ਚੀਜ਼ ਦੀ ਜ਼ਰੂਰਤ ਹੈ ਉਥੇ ਪਹੁੰਚ ਕੇ ਪੀੜਤ ਪਰਿਵਾਰਾਂ ਦੀ ਸੇਵਾ ਕੀਤੀ ਜਾਵੇ। ਇਹ ਹੋਸਲੇ ਬੁਲੰਦ ਕਰਨ ਦਾ ਸਮਾਂ ਹੈ ਸਦਾ ਇਹ ਦਿਨ ਨਹੀਂ ਰਹਿਣਗੇ ਪੰਜਾਬ ਫਿਰ ਆਪਣੀ ਰਫਤਾਰ ਨਾਲ ਬੁਲੰਦੀਆਂ ਨੂੰ ਛੂਹੇਗਾ ਕਿਉਂਕਿ ਇਸ ਧਰਤੀ ਨੂੰ ਸਿਰ ਲੱਥ ਯੋਧਿਆਂ ਦੀ ਚਰਨਛੋਹ ਪ੍ਰਾਪਤ ਹੈ। ਪੰਜਾਬ ਦੀ ਧਰਤੀ ਤੋਂ ਜੋਂ ਪਸ਼ੂ ਧਨ ਦਰਿਆਵਾਂ ਵਿੱਚ ਰੁੜ ਕੇ ਅਲੱਗ ਅਲੱਗ ਜਗਾਂ ਤੇ ਚਲਾ ਗਿਆ ਹੈ ਉਸ ਦੀ ਵੀਡੀਓ ਜਨਤਾ ਵੱਲੋਂ ਨਸਰ ਹੋ ਰਹੀ ਹੈ। ਪਬਲਿਕ ਨੂੰ ਬੇਨਤੀ ਹੈ ਕਿ ਇਨ੍ਹਾਂ ਬੇਜੁਬਾਨਾਂ ਦੀ ਰੱਜਵੀਂ ਸੇਵਾ ਕੀਤੀ ਜਾਵੇ ਅਤੇ ਜਦੋਂ ਪਾਣੀ ਦਾ ਪ੍ਰਕੋਪ ਘਟੇ ਤਾਂ ਜਿਨ੍ਹਾਂ ਦੇ ਜਾਨਵਰ ਹਨ ਉਨ੍ਹਾਂ ਨੂੰ ਇਨਸਾਨੀਅਤ ਦਾ ਫਰਜ਼ ਨਿਭਾਉਂਦੇ ਹੋਏ ਵਾਪਸ ਕਰ ਦਿੱਤੇ ਜਾਣ। ਅੱਜ ਹਰ ਧਰਮ, ਮਜ਼ਹਬ, ਪਾਰਟੀਬਾਜ਼ੀ ਅਤੇ ਸੂਬਿਆ ਦੇਸ਼ ਵਿਦੇਸ਼ ਤੋਂ ਇਨਸਾਨੀਅਤ ਨਾਤੇ ਫਰਜ਼ ਨਿਭਾਉਂਦੇ ਹੋਏ ਪੰਜਾਬ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਨ ਦੀ ਜ਼ਰੂਰਤ ਹੈ। ਪੰਜਾਬ, ਪੰਜਾਬੀ, ਪੰਜਾਬੀਅਤ ਜ਼ਿੰਦਾਬਾਦ।



**ਹਰਜਿੰਦਰ ਸਿੰਘ ਚੰਦੀ ਸੂਬਾ**
**ਪ੍ਰੈੱਸ ਸਕੱਤਰ**
**ਬੀਕੇਯੂ ਪੰਜਾਬ।**
**9814601638**

# ਮਾਲਵੇ ਦਾ ਮਸ਼ਹੂਰ ਮੇਲਾ – ਛਪਾਰ

**ਲੇਖਕ: ਗੁਰਭਿੰਦਰ ਸਿੰਘ ਗੁਰੀ**

ਪੰਜਾਬ – ਮੇਲਿਆਂ ਤੇ ਤਿਉਹਾਰਾਂ ਦੀ ਧਰਤੀ

ਪੰਜਾਬ ਮੇਲਿਆਂ ਅਤੇ ਤਿਉਹਾਰਾਂ ਦਾ ਦੇਸ਼ ਹੈ। ਇਹ ਮੇਲੇ ਸਾਂਝੇ ਧਾਰਮਿਕ ਤੇ ਸੱਭਿਆਚਾਰਕ ਪ੍ਰਤੀਕ ਹਨ, ਜਿਹੜੇ ਬੋਲੀ, ਨਸਲ ਅਤੇ ਧਰਮ ਦੇ ਵਿਤਕਰਿਆਂ ਤੋਂ ਉੱਪਰ ਉੱਠ ਕੇ ਇਕਤਾ ਦਾ ਸੁਨੇਹਾ ਦਿੰਦੇ ਹਨ। ਪਿੰਡ ਛਪਾਰ ਦਾ ਮੇਲਾ,
ਜੋ ਮਾਲਵੇ ਇਲਾਕੇ ਵਿੱਚ ਲੱਗਦਾ ਹੈ,
ਦੁਨੀਆਂ ਭਰ ਵਿੱਚ ਪ੍ਰਸਿੱਧ ਹੈ।

ਪੁਰਾਣੇ ਛਪਾਰ ਮੇਲੇ ਦੀ ਝਲਕ

ਛੇ ਦਹਾਕੇ ਪਹਿਲਾਂ ਦਾ ਮੇਲਾ ਇੱਕ ਰੂਹਾਨੀ ਤੇ ਲੋਕ-ਰੰਗਾਂ ਨਾਲ ਭਰਪੂਰ ਤਸਵੀਰ ਪੇਸ਼ ਕਰਦਾ ਸੀ—
ਹਰੇ-ਭਰੇ ਮੱਕੀ, ਕਪਾਹ, ਕਮਾਦ, ਚਰੀ, ਸਣ ਤੇ ਮਾਂਹ-ਮੋਠ ਦੇ ਖੇਤ
ਨਹਿਰੀ ਪਾਣੀ ਦੀ ਸਾਫ਼ ਲਹਿਰਾਂ
ਨਾ ਜਹਿਰੀਲੀ ਖਾਦ, ਨਾ ਪ੍ਰਦੂਸ਼ਣ
ਲੋਕ ਗੁੱਗਾ ਮਾੜੀ ਸਮਾਧ 'ਤੇ ਇਕੱਠੇ ਹੋ ਕੇ ਮਿੱਟੀ ਕੱਢਣ ਦੀ ਰਸਮ ਅਦਾ ਕਰਦੇ ਤੇ ਮੇਲੇ ਦਾ ਰੂਪ ਧਾਰਨ ਕਰ ਲੈਂਦੇ।
ਦਿਨ ਢਲਦੇ ਹੀ ਗੱਭਰੂਆਂ ਦੀਆਂ ਢਾਣੀਆਂ ਵੱਲ ਲੋਕ ਬੋਲੀਆਂ ਤੇ ਗਿੱਧੇ ਦੀਆਂ ਧੁਨਾਵਾਂ ਨਾਲ ਖਿੱਚੇ ਚਲੇ ਜਾਂਦੇ। ਅਖਾੜਿਆਂ ਵਿੱਚ ਲੋਕ-ਕਥਾਵਾਂ, ਪ੍ਰੇਮ-ਪ੍ਰਸੰਗ ਤੇ ਕੁਸ਼ਤੀ ਦੇ ਮੁਕਾਬਲੇ ਹੁੰਦੇ। ਢੋਲ, ਸਰੰਗੀ, ਬੁਦਗੂ, ਅਲਗੋਜ਼ੇ, ਕਾਟੋ ਅਤੇ ਸੱਪ ਢੱਡ ਦੀਆਂ ਧੁਨਾਵਾਂ ਨਾਲ ਪੂਰਾ ਮੇਲਾ ਗੂੰਜਦਾ।
ਕਿਤੇ ਢੋਲ ਵੱਜਦਾ, ਕਿਤੇ ਚਿਮਟਾ

"ਕਿਤੇ ਢੋਲ ਵੱਜਦਾ ਵੇ ਕਿਤੇ ਚਿਮਟਾ,
ਕਾਟੋ ਦੀ ਪੂੰਛ ਹਿੱਲਦੀ,
ਕਿਤੇ ਹਿੱਲਦਾ ਰੁਮਾਲ ਸੱਤ ਰੰਗ ਦਾ,
ਰੰਗਾਂ 'ਚ ਫਿਰੇ ਦੁਨੀਆਂ,
ਸਾਨੂੰ ਪਤਾ ਨਹੀਂ ਕਿਸੇ ਵੀ ਤੇਰੇ ਰੰਗ ਦਾ।"

ਇਹ ਪੰਗਤੀਆਂ ਮੇਲੇ ਦੀ ਰੌਣਕ ਅਤੇ ਰੰਗ-ਰਲੀਆਂ ਦਾ ਜੀਵੰਤ ਚਿੱਤਰ ਪੇਸ਼ ਕਰਦੀਆਂ ਹਨ।

ਗੁੱਗਾ ਮਾੜੀ ਦੀ ਇਤਿਹਾਸਕ ਮਹੱਤਤਾ

ਗੁੱਗਾ ਮਾੜੀ ਤੋਂ ਅੱਠ ਰਾਹ ਨਿਕਲਦੇ ਹਨ—
ਰਸੀਨ, ਰਸੂਲਪੁਰ, ਮਹੇਰਨਾ ਕਲਾਂ, ਮਹੇਰਨਾ ਖੁਰਦ, ਦਹਿਲੀਜ਼ ਕਲਾਂ, ਦਹਿਲੀਜ਼ ਖੁਰਦ, ਅਹਿਮਦਗੜ੍ਹ ਛਪਾਰ, ਧੂਲਕੋਟ ਅਤੇ ਲਤਾਲਾ।
ਦੰਤਕਥਾ ਅਨੁਸਾਰ, ਮਹਾਰਾਜਾ ਨਾਭਾ ਨੇ ਇੱਥੇ ਰਹਿੰਦੇ ਪੰਡਤ ਤੋਂ ਪੁੱਛਿਆ ਕਿ ਉਹ ਕਿਵੇਂ ਰਹਿੰਦਾ ਹੈ। ਪੰਡਤ ਨੇ ਦੱਸਿਆ ਕਿ ਇਹ ਗੁੱਗਾ ਪੀਰ ਦੀ



ਥਾਂ ਹੈ, ਜਿੱਥੇ ਮਨੌਤੀਆਂ ਪੂਰੀਆਂ ਹੁੰਦੀਆਂ ਹਨ। ਇਹ ਸੁਣ ਕੇ ਮਹਾਰਾਜਾ ਨੇ ਇੱਥੇ ਮਾੜੀ ਬਣਾਉਣ ਦਾ ਹੁਕਮ ਦਿੱਤਾ।

**ਸ਼ਹਿਰੀਕਰਨ ਦਾ ਪ੍ਰਭਾਵ**

ਹਰੀ ਕ੍ਰਾਂਤੀ (1970 ਦੇ ਆਸ-ਪਾਸ) ਨਾਲ ਖੇਤੀਬਾੜੀ 'ਚ ਆਏ ਬਦਲਾਵਾਂ ਨੇ ਸਮਾਜਿਕ ਰਿਸ਼ਤਿਆਂ ਤੇ ਮੇਲਿਆਂ ਦੇ ਸਰੂਪ 'ਤੇ ਵੀ ਪ੍ਰਭਾਵ ਪਾਇਆ।

**ਨਵੇਂ ਝੂਲੇ ਤੇ ਖਿਡੌਣੇ**

ਵੱਖ-ਵੱਖ ਕਿਸਮ ਦੀਆਂ ਮਿਠਾਈਆਂ
ਲਾਈਵ ਡਾਂਸ, ਸਰਕਸ ਅਤੇ ਆਧੁਨਿਕ ਮਨੋਰੰਜਨ ਦੇ ਸਾਧਨ
ਇਹ ਸਭ ਮੇਲੇ ਦਾ ਹਿੱਸਾ ਬਣ ਗਏ। ਸਿਆਸੀ ਪਾਰਟੀਆਂ ਵੀ ਵੋਟਾਂ ਵਟੋਰਨ ਲਈ ਮੇਲੇ ਵਿੱਚ ਆਪਣੀ ਹਾਜ਼ਰੀ ਲਾਉਣ ਲੱਗੀਆਂ।

ਤਿਆਰੀਆਂ ਤੇ ਰੌਣਕਾਂ

ਛਪਾਰ ਮੇਲੇ ਦੀ ਖਾਸ ਗੱਲ ਇਹ ਹੈ ਕਿ ਇਸ ਦੀਆਂ ਤਿਆਰੀਆਂ ਦੋ-ਤਿੰਨ ਮਹੀਨੇ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ। ਪੰਜਾਬ ਹੀ ਨਹੀਂ, ਦੁਨੀਆ ਦੇ ਹਰ ਕੋਨੇ ਤੋਂ ਲੋਕ ਇੱਥੇ ਗੁੱਗਾ ਪੀਰ ਦੀ ਸਮਾਧ 'ਤੇ ਮਿੱਟੀ ਕੱਢਣ ਅਤੇ ਮੇਲੇ ਦਾ ਆਨੰਦ ਮਾਣਣ ਲਈ ਆਉਂਦੇ ਹਨ।

**ਸਿੱਟਾ**

ਛਪਾਰ ਮੇਲਾ ਮਾਲਵੇ ਦੀ ਧੜਕਣ ਹੈ—ਧਰਮ, ਸੱਭਿਆਚਾਰ ਅਤੇ ਲੋਕ-ਰੰਗਾਂ ਦਾ ਵਿਲੱਖਣ ਮੇਲ। ਭਾਵੇਂ ਆਧੁਨਿਕਤਾ ਨੇ ਇਸ 'ਤੇ ਆਪਣਾ ਅਸਰ ਛੱਡਿਆ ਹੈ, ਪਰ ਇਸ ਦੀ ਰੂਹ ਅੱਜ ਵੀ ਉਹੀ ਹੈ—ਰੰਗਾਂ, ਧੁਨਾਂ ਤੇ ਲੋਕ-ਪਿਆਰ ਦੀ ਰੂਹ।

# ਕਦੇ ਉੱਡਦਾ ਪੰਜਾਬ, ਅੱਜ ਡੁੱਬਦਾ ਪੰਜਾਬ

ਪੰਜਾਬ ਜਿਸਨੂੰ ਕਦੇ "ਅਨਾਜ ਦਾ ਭੰਡਾਰ" ਕਿਹਾ ਜਾਂਦਾ ਸੀ, ਅੱਜ ਹੜ੍ਹਾਂ ਦੀ ਮਾਰ ਕਾਰਨ ਦਿਲ ਦਹਿਲਾਉਂਦੀ ਤਸਵੀਰ ਪੇਸ਼ ਕਰ ਰਿਹਾ ਹੈ। ਇਹ ਉਹ ਧਰਤੀ ਹੈ ਜਿਸਨੇ ਹਮੇਸ਼ਾਂ ਆਪਣੀ ਮਿਹਨਤ, ਖ਼ੁਸ਼ਹਾਲੀ ਅਤੇ ਵਧੀਆ ਕਿਸਾਨੀ ਨਾਲ ਉੱਚੀਆਂ ਉੱਡਾਣਾਂ ਭਰੀਆਂ। ਪਰ ਕੁਦਰਤ ਨੇ ਇਸਨੂੰ ਇੱਕ ਵਾਰ ਫਿਰ ਯਾਦ ਕਰਵਾ ਦਿੱਤਾ ਹੈ ਕਿ ਮਨੁੱਖੀ ਤਾਕਤ ਕੁਝ ਵੀ ਹੋਵੇ, ਪਰ ਕੁਦਰਤੀ ਆਫ਼ਤਾਂ ਦੇ ਸਾਹਮਣੇ ਕਿੰਨੀ ਬੇਅਦਬੀ ਹੋ ਜਾਂਦੀ ਹੈ। ਹੜ੍ਹਾਂ ਨੇ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਨੂੰ ਤਬਾਹ ਕਰਕੇ ਰੱਖ ਦਿੱਤਾ ਹੈ। ਖੇਤ ਜੋ ਕਦੇ ਸੋਨੇ ਦੀ ਫ਼ਸਲਾਂ ਨਾਲ ਲਹਿਰਾਉਂਦੇ ਸਨ, ਅੱਜ ਪਾਣੀ ਹੇਠਾਂ ਦੱਬ ਗਏ ਹਨ। ਘਰ ਜੋ ਮਿਹਨਤ ਨਾਲ ਬਣਾਏ ਗਏ ਸਨ, ਉਹ ਡਿੱਗਦੇ ਹੋਏ ਵੇਖੇ ਜਾ ਰਹੇ ਹਨ। ਲੋਕ ਆਪਣੇ ਹੀ ਘਰਾਂ ਤੋਂ ਬੇਘਰ ਹੋ ਰਹੇ ਹਨ। ਜ਼ਿੰਦਗੀ ਦੀਆਂ ਜ਼ਰੂਰੀ ਚੀਜ਼ਾਂ ਖਾਣਾ, ਪਾਣੀ, ਦਵਾਈਆਂ ਸਭ ਕੁਝ ਅਚਾਨਕ ਘਾਟੇ ਵਿੱਚ ਆ ਗਿਆ ਹੈ।

ਸਭ ਤੋਂ ਵੱਧ ਮਾਰ ਗਰੀਬ ਲੋਕਾਂ ਉੱਤੇ ਪਈ ਹੈ। ਦਿਹਾੜੀਦਾਰ ਮਜ਼ਦੂਰ, ਛੋਟੇ ਕਿਸਾਨ, ਜ਼ੁਰਗ ਅਤੇ ਬੱਚੇ ਇਹ ਸਭ ਤੋਂ ਵੱਧ ਬੇਹਾਲ ਹੋਏ ਹਨ। ਕਈ ਲੋਕ ਆਪਣੇ ਪਿਆਰਿਆਂ ਨੂੰ ਹੜ੍ਹਾਂ ਦੀ ਧਾਰਾਂ ਵਿੱਚ ਗੁਆ ਬੈਠੇ ਹਨ। ਬਿਮਾਰੀਆਂ ਦਾ ਖ਼ਤਰਾ ਵੀ ਹਰ ਪਾਸੇ ਘੁੰਮ ਰਿਹਾ ਹੈ, ਕਿਉਂਕਿ ਗੰਦਾ ਪਾਣੀ ਸਾਫ਼ ਪਾਣੀ ਨਾਲ ਮਿਲ ਰਿਹਾ ਹੈ ਅਤੇ ਵਾਤਾਵਰਨ ਵਿਚ ਅਸੁਚਿਤਾ ਵਧ ਰਹੀ ਹੈ। ਪਰ ਇਨ੍ਹਾਂ ਸਭਨਾਂ ਤੋਂ ਵੱਧ ਮਹੱਤਵਪੂਰਨ ਗੱਲ ਹੈ ਇਨਸਾਨੀਅਤ ਦੀ ਪਰਖ। ਅਜਿਹੇ ਸਮੇਂ 'ਚ ਇਹ ਸਾਹਮਣੇ ਆਉਂਦਾ ਹੈ ਕਿ ਕੌਣ ਸੱਚਮੁੱਚ ਮਨੁੱਖਤਾ ਲਈ ਖੜ੍ਹਦਾ ਹੈ ਅਤੇ ਕੌਣ ਆਪਣੇ ਸੁਖ-ਸੁਵਿਧਾਵਾਂ ਤੱਕ ਹੀ ਸੀਮਿਤ ਰਹਿੰਦਾ ਹੈ। ਹੜ੍ਹਾਂ ਦੀਆਂ ਘੜੀਆਂ ਵਿੱਚ ਕੁਝ ਲੋਕਾਂ ਨੇ ਆਪਣੀਆਂ ਜਾਨਾਂ ਦੀ ਪਰਵਾਹ ਨਾ ਕਰਦੇ ਹੋਏ ਹੋਰਨਾਂ ਨੂੰ ਬਚਾਇਆ। ਨੌਜਵਾਨਾਂ ਨੇ ਕਿਸ਼ਤੀਆਂ ਬਣਾ ਕੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੱਕ ਪਹੁੰਚਾਇਆ। ਸਮਾਜਕ ਸੰਸਥਾਵਾਂ ਅਤੇ ਕੁਝ ਸਰਕਾਰੀ ਏਜੰਸੀਆਂ ਨੇ ਰਾਹਤ ਸਮੱਗਰੀ ਪਹੁੰਚਾਉਣ ਲਈ ਆਪਣੇ ਯਤਨ ਕੀਤੇ।

ਇਸ ਸਭ ਦੇ ਨਾਲ ਹੀ ਇਹ ਵੀ ਸਾਫ਼ ਹੈ ਕਿ ਕਈ ਵਾਰ ਰਾਜਨੀਤੀ ਅਤੇ ਪ੍ਰਸ਼ਾਸਨਕ ਕਮਜ਼ੋਰੀਆਂ ਕਾਰਨ ਲੋਕਾਂ ਨੂੰ ਤੁਰੰਤ ਮਦਦ ਨਹੀਂ ਮਿਲਦੀ। ਇਹ ਸਵਾਲ ਖੜ੍ਹਦਾ ਹੈ ਕਿ ਕੀ ਅਸੀਂ ਸੱਚਮੁੱਚ ਕੁਦਰਤੀ ਆਫ਼ਤਾਂ ਲਈ ਤਿਆਰ ਹਾਂ? ਪੰਜਾਬ ਵਰਗੇ ਰਾਜ ਵਿੱਚ, ਜਿੱਥੇ ਨਦੀਆਂ ਦਾ ਜਾਲ ਹੈ, ਹੜ੍ਹਾਂ ਨਾਲ ਬਚਾਅ ਲਈ ਮਜ਼ਬੂਤ ਯੋਜਨਾਵਾਂ ਕਿਉਂ ਨਹੀਂ ਬਣਾਈਆਂ ਗਈਆਂ?

ਅਖੀਰ ਵਿੱਚ, ਹੜ੍ਹਾਂ ਨੇ ਸਾਨੂੰ ਇਹ ਸਬਕ ਦਿੱਤਾ ਹੈ ਕਿ ਮਨੁੱਖੀ ਜੀਵਨ ਦੀ ਅਸਲ ਤਾਕਤ ਏਕਤਾ ਅਤੇ ਸਾਂਝੇਦਾਰੀ ਵਿੱਚ ਹੈ। ਜਦੋਂ ਪੰਜਾਬੀ ਆਪਣੇ ਭਰਾ-ਭੈਣਾਂ ਦੀ ਸਹਾਇਤਾ ਲਈ ਹੱਥ ਵਧਾਉਂਦੇ ਹਨ, ਤਾਂ ਉਹ ਇੱਕ ਵਾਰ ਫਿਰ "ਸਰਬੱਤ ਦਾ ਭਲਾ" ਦੀ ਰੂਹ ਨੂੰ ਜੀਉਂਦੇ ਹਨ।

ਅੱਜ ਡੁੱਬਦਾ ਪੰਜਾਬ ਇੱਕ ਸਵਾਲ ਪੁੱਛਦਾ ਹੈ ਕੀ ਅਸੀਂ ਮਿਲ ਕੇ ਇਸਨੂੰ ਫਿਰ ਤੋਂ "ਉੱਡਦਾ ਪੰਜਾਬ" ਬਣਾ ਸਕਾਂਗੇ? ਜਵਾਬ ਸਾਡੇ ਹੌਸਲੇ, ਏਕਤਾ ਅਤੇ ਮਨੁੱਖਤਾ ਵਿੱਚ ਹੀ ਲੁਕਿਆ ਹੈ।

**ਮੰਜੂ ਰਾਇਕਾ**
**ਭਿੰਡਰਾਂ (ਸੰਗਰੂਰ)**



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
X
@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com